# ECHO OF HIS CALL

# ਬੁਲਾਵੇ ਦੀ ਗੂਜ

PUNJABI

₹ 10/-

India's National Spiritual Newspaper

ECHO OF HIS CALL 1969-2019 GOLDEN JUBILEE

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAANS

Editor : S. SAM SELVA RAJ | 16 Languages | Associate Editor : Bro. Vishwas Masih

VOL. XXI | YEAR OF OUR LORD JESUS CHRIST, DECEMBER 2020 | NO. 8

### ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਯਸਾਯਾਹ 9:1-7

1. ਪਰ ਉਹ ਦੇ ਲਈ ਜਿਹੜੀ ਕਸ਼ਟ ਵਿੱਚ ਸੀ ਧੁੰਦ ਨਹੀਂ ਹੋਵੇਗੀ। ਪਿਛਲੇ ਸਮੇਂ ਵਿੱਚ ਉਹ ਨੇ ਜਬੂਲੂਨ ਦੀ ਧਰਤੀ ਅਤੇ ਨਫ਼ਤਾਲੀ ਦੀ ਧਰਤੀ ਨੂੰ ਤੁੱਛ ਕੀਤਾ ਪਰ ਆਖ਼ਰੀ ਸਮੇਂ ਵਿੱਚ ਉਹ ਸਮੁੰਦਰ ਦੇ ਰਾਹ ਯਰਦਨੋਂ ਪਾਰ ਕੌਮਾਂ ਦੇ ਗਲੀਲ ਨੂੰ ਪ੍ਰਤਾਪਵਾਨ ਕਰੇਗਾ।

2. ਜਿਹੜੇ ਲੋਕ ਅਨ੍ਹੇਰੇ ਵਿੱਚ ਚੱਲਦੇ ਸਨ ਉਨ੍ਹਾਂ ਨੇ ਵੱਡਾ ਚਾਨਣ ਵੇਖਿਆ ਅਤੇ ਜਿਹੜੇ ਮੌਤ ਦੇ ਸਾਏ ਦੇ ਦੇਸ਼ ਵਿੱਚ ਵੱਸਦੇ ਸਨ ਉਨ੍ਹਾਂ ਉੱਤੇ ਚਾਨਣ ਚਮਕਿਆ।

3. ਤੈਂ ਕੌਮ ਨੂੰ ਵਧੇਰੇ ਕੀਤਾ, ਤੈਂ ਉਸਦੀ ਖ਼ੁਸ਼ੀ ਨੂੰ ਵਧਾਇਆ, ਉਹ ਤੇਰੇ ਸਨਮੁੱਖ ਖ਼ੁਸ਼ੀ ਕਰਦੇ ਹਨ ਜਿਵੇਂ ਵਾਢੀ ਤੇ ਖ਼ੁਸ਼ੀ ਕਰੀਦੀ ਹੈ ਅਤੇ ਜਿਵੇਂ ਲੁੱਟ ਦਾ ਮਾਲ ਵੰਡਣ ਉੱਤੇ ਉਹ ਬਾਗ ਬਾਗ ਹੁੰਦੇ ਹਨ।

4. ਉਸਦੇ ਭਾਰ ਦੇ ਜੂਲੇ ਨੂੰ, ਉਸਦੇ ਮੋਢੇ ਦੀ ਲਾਠੀ ਨੂੰ ਅਤੇ ਉਸਦੇ ਸਤਾਉਣ ਵਾਲੇ ਦੀ ਸੋਟੀ ਨੂੰ ਤੈਂ ਟੋਟੇ ਟੋਟੇ ਕੀਤਾ ਜਿਵੇਂ ਮਿਦਯਾਨ ਦੇ ਦਿਨ ਵਿੱਚ।

5. ਹਰ ਸ਼ੋਰ ਨਾਲ ਪੌੜ ਮਾਰਨ ਵਾਲਾ ਫ਼ੌਜੀ ਬੂਟ ਅਤੇ ਹਰ ਲਹੂ ਲੁਹਾਣ ਕੱਪੜਾ ਅੱਗ ਦੇ ਬਾਲਣ ਵਾਂਗੂ ਸਾੜਿਆ ਜਾਵੇਗਾ।

6. ਸਾਡੇ ਲਈ ਤਾਂ ਇੱਕ ਬਾਲਕ ਜੰਮਿਆ ਅਤੇ ਸਾਨੂੰ ਇੱਕ ਪੁੱਤਰ ਬਖ਼ਸ਼ਿਆ ਗਿਆ, ਰਾਜ ਉਹ ਦੇ ਮੋਢੇ ਉੱਤੇ ਹੋਵੇਗਾ ਅਤੇ ਉਹ ਦਾ ਨਾਮ ਇਓਂ ਸੱਦਿਆ ਜਾਵੇਗਾ; "ਅਚਰਜ ਸਲਾਹੂ, ਸ਼ਕਤੀਮਾਨ ਪ੍ਰਮੇਸ਼ਵਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜਕੁਮਾਰ"।

7. ਉਹ ਦੇ ਰਾਜ ਦੀ ਤਰੱਕੀ ਅਤੇ ਸਲਾਮਤੀ ਦੀ ਕੋਈ ਹੱਦ ਨਾ ਹੋਵੇਗੀ, ਦਾਊਦ ਦੀ ਰਾਜ ਗੱਦੀ ਉੱਤੇ ਅਤੇ ਉਹ ਦੀ ਪਾਤਸ਼ਾਹੀ ਉੱਤੇ ਭਈ ਉਹ ਉਸਨੂੰ ਕਾਇਮ ਕਰੇ ਅਤੇ ਨਿਆਂਓਂ ਤੇ ਧਰਮ ਨਾਲ ਉਸਨੂੰ ਹੁਣ ਤੋਂ ਜੁੱਗੋ ਜੁੱਗ ਸੰਭਾਲੇ, ਸੈਨਾ ਦੇ ਯਹੋਵਾਹ ਦੀ ਅਣਖ ਇਹ ਕਰੇਗੀ।

# REVELATION OF GOD!

# ਪ੍ਰਮੇਸ਼ਵਰ ਦਾ ਪ੍ਰਕਾਸ਼ਨ !

(ਪਾਸਟਰ ਐੱਸ. ਸੈਮ ਸੇਲਵਾ ਰਾਜ ਵੱਲੋਂ ਮੁੱਖ ਚਰਚ ਵਿੱਚ ਦਿੱਤਾ ਗਿਆ ਸੰਦੇਸ਼)

ਪ੍ਰਮੇਸ਼ਵਰ ਸ਼ੀਲੋਹ ਵਿੱਚ ਫਿਰ ਪ੍ਰਗਟ ਹੋਇਆ, ਕਿਉਂ ਜੋ ਯਹੋਵਾਹ ਸ਼ੀਲੋਹ ਵਿੱਚ ਆਪਣੇ ਆਪ ਨੂੰ ਸਮੂਏਲ ਉੱਤੇ ਆਪਣੇ ਬਚਨ ਰਾਹੀਂ ਪ੍ਰਗਟ ਕੀਤਾ।

ਅਰ ਸਮੂਏਲ ਦੀ ਗੱਲ ਸਾਰੇ ਇਸਰਾਏਲ ਨੂੰ ਅੱਪੜ ਗਈ...(1 ਸਮੂਏਲ 3:21, 4:1)।

ਏਲੀ ਯਾਜਕ ਦੇ ਦਿਨਾਂ ਵਿੱਚ ਪ੍ਰਮੇਸ਼ਵਰ ਦਾ ਵਚਨ ਦੁਰਲਭ ਸੀ। ਏਲੀ ਸ਼ੀਲੋਹ ਵਿੱਚ ਪ੍ਰਮੇਸ਼ਵਰ ਦੀ ਹੈਕਲ ਵਿੱਚ ਸੇਵਾ ਕਰਦਾ ਸੀ ਅਰ ਮੁੰਡਾ ਸਮੂਏਲ ਉਸਦਾ ਸਹਾਇਕ ਸੀ। ਯਹੋਵਾਹ ਨੇ ਸਮੂਏਲ ਨਾਲ ਗੱਲ ਕੀਤੀ ਜਦੋਂ ਕਿ ਉਹ ਕੇਵਲ ਇੱਕ ਬਾਲਕ ਹੀ ਸੀ।ਪ੍ਰਮੇਸ਼ਵਰ ਨੇ ਆਖਿਆ, "ਸਮੂਏਲ! ਸਮੂਏਲ!" ਤੀਸਰੀ ਵਾਰ ਏਲੀ ਦੇ ਕਹੇ ਅਨੁਸਾਰ ਸਮੂਏਲ ਨੇ ਪ੍ਰਮੇਸ਼ਵਰ ਨੂੰ ਉੱਤਰ ਦਿੱਤਾ, "ਫ਼ਰਮਾ, ਕਿਉਂ ਜੋ ਤੇਰਾ ਦਾਸ ਸੁਣਦਾ ਹੈ" (1 ਸਮੂਏਲ 3:10)। ਪ੍ਰਮੇਸ਼ਵਰ ਨੇ ਆਖਿਆ, ਏਲੀ ਦੇ ਟੱਬਰ ਦੀ ਬੁਰਿਆਈ ਕਿਸੇ ਬਲੀ ਜਾਂ ਭੇਂਟ ਨਾਲ ਸਦਾ ਤੀਕ ਨਹੀਂ ਮਿਟੇਗੀ। ਸਮੂਏਲ ਨੇ ਉਹ ਸਭ ਏਲੀ ਨੂੰ ਦੱਸ ਦਿੱਤਾ ਜੋ ਪ੍ਰਮੇਸ਼ਵਰ ਨੇ ਆਖਿਆ ਸੀ। ਫਿਰ ਏਲੀ ਨੇ ਕਿਹਾ, "ਉਹ ਯਹੋਵਾਹ ਹੈ, ਜੋ ਚਾਹੇ ਸੋ ਕਰੇ" (1 ਸਮੂਏਲ 3:18)।

ਸਾਡੇ ਅਦਭੁੱਤ ਪ੍ਰਮੇਸ਼ਵਰ ਨੇ ਬਲਦੀ ਝਾੜੀ ਵਿੱਚ ਮੂਸਾ ਨੂੰ ਦਰਸ਼ਨ ਦਿੱਤਾ (ਕੂਚ 3:1, 2)। ਪੁਨਰਜੀਵਿਤ ਮਸੀਹ ਮਰੀਯਮ ਮਗਦਲੀਨੀ ਉੱਤੇ ਪ੍ਰਗਟ ਹੋਇਆ ਅਤੇ ਉਸਨੂੰ ਬੋਲਿਆ, "ਹੇ ਬੀਬੀ, ਤੂੰ ਕਿਉਂ ਰੋਂਦੀ ਹੈਂ?" ਉਸਨੇ ਆਖਿਆ, "ਉਹ ਮੇਰੇ ਪ੍ਰਭੂ ਨੂੰ ਉਠਾ ਕੇ ਲੈ ਗਏ ਹਨ ਅਰ ਮੈਂ ਨਹੀਂ ਜਾਣਦੀ ਜੋ ਉਨ੍ਹਾਂ ਉਸਨੂੰ ਕਿੱਥੇ ਰੱਖਿਆ ਹੈ" (ਯੂਹੰਨਾ 20:12,13)। ਯਿਸੂ ਮਸੀਹ ਨੇ ਆਪਣੇ ਆਪ ਨੂੰ ਪ੍ਰੇਰਿਤ ਯੂਹੰਨਾ ਉੱਤੇ ਉਸ ਵੇਲੇ ਪ੍ਰਗਟ ਕੀਤਾ ਜਦੋਂ ਉਹ ਪਤਮੋਸ ਟਾਪੂ ਉੱਪਰ ਬੰਦੀ ਸੀ।ਪ੍ਰਮੇਸ਼ਵਰ ਨੇ ਆਖਿਆ, "ਮੈਂ ਅਲਫ਼ਾ ਅਤੇ ਓਮੇਗਾ, ਆਦੀ ਅਰ ਅੰਤ ਹਾਂ, "ਜੋ ਕੁਝ ਤੂੰ ਵੇਖਦਾ ਹੈਂ ਇੱਕ ਪੋਥੀ ਵਿੱਚ ਲਿਖ ਲੈ ਅਰ ਅਸਿਯਾ ਦੀਆਂ ਸੱਤਾਂ ਕਲੀਸਿਆਵਾਂ ਨੂੰ ਭੇਜ ਦੇ ਅਰਥਾਤ: ਅਫ਼ਸੁਸ, ਸਮੁਰਨੇ, ਪਰਗਮੁਸ, ਥੂਆਤੀਰੇ, ਸਾਰਦੀਸ, ਫ਼ਿਲਦਲਫ਼ੀਏ, ਅਤੇ ਲਾਉਦਿਕੀਏ ਨੂੰ" (ਪ੍ਰਕਾਸ਼ ਦੀ ਪੋਥੀ 1:11)। ਓਹੀ ਪ੍ਰਮੇਸ਼ਵਰ 1969 ਵਿੱਚ ਕੰਨਿਆਕੁਮਾਰੀ ਜਿਲ੍ਹੇ ਵਿੱਚ ਸਥਿਤ ਮੇਰੇ ਪਿੰਡ ਵਿੱਚ ਮੇਰੇ ਉੱਤੇ ਪ੍ਰਗਟ ਹੋਇਆ। ਪ੍ਰਕਾਸ਼ਨ ਨੂੰ ਤਿੰਨ ਭਾਗਾਂ ਵੰਡਿਆ ਜਾ ਸਕਦਾ ਹੈ (1) ਪ੍ਰਮੇਸ਼ਵਰ ਦਾ ਪ੍ਰਕਾਸ਼ਨ (2) ਪ੍ਰਮੇਸ਼ਵਰ ਵੱਲੋਂ ਪ੍ਰਕਾਸ਼ਨ (3) ਪ੍ਰਮੇਸ਼ਵਰ ਬਾਰੇ ਪ੍ਰਕਾਸ਼ਨ।

## 1. ਪ੍ਰਮੇਸ਼ਵਰ ਦਾ ਪ੍ਰਕਾਸ਼ਨ

ਬਾਲਕ ਸਮੂਏਲ ਨੂੰ ਪ੍ਰਮੇਸ਼ਵਰ ਦਾ ਪ੍ਰਕਾਸ਼ਨ ਮਿਲਿਆ।ਪ੍ਰਮੇਸ਼ਵਰ ਉਸਨੂੰ

(ਚਲਦਾ ਸਫਾ 3-)

*Touching lives by Teaching ...Since1969*

# ਬੁਲਾਵੇ ਦੀ ਗੂੰਜ

(ਅੰਗਰੇਜੀ,ਤਾਮਿਲ,ਮਲਿਆਲਮ,ਤੇਲਗੂ,ਹਿੰਦੀ,,ਮਰਾਠੀ,ਕੰਨੜਾ,ਬੰਗਾਲੀ,ਗੁਜਰਾਤੀ, ਊੜੀਆ,ਨੇਪਾਲੀ,ਪੰਜਾਬੀ,ਉਰਦੂ,ਸਿਨਹਾਲਾ ਅਤੇ ਅਫਰੀਕਨ ਮਾਸਿਕ ਪੱਤ੍ਰਿਕਾ)



**"...ਮੈਂ ਉਨ੍ਹਾਂ ਦੇ ਸਿਆਪੇ ਨੂੰ ਖੁਸ਼ੀ ਵਿੱਚ ਬਦਲ ਦਿਆਂਗਾ, ਮੈਂ ਉਨ੍ਹਾਂ ਨੂੰ ਦਿਲਾਸਾ ਦਿਆਂਗਾ, ਮੈਂ ਉਨ੍ਹਾਂ ਦੇ ਗਮ ਦੇ ਥਾਂ ਉਨ੍ਹਾਂ ਨੂੰ ਅਨੰਦ ਕਰਾਂਗਾ" (ਯਿਰਮਿਯਾਹ 31:13)।**




ਪ੍ਰਭੂ ਵਿੱਚ ਪਿਆਰੇ ਭਰਾਵੋ ਤੇ ਭੈਣੋ,

ਅਸੀਂ ਪ੍ਰਭੂ ਯਿਸੂ ਮਸੀਹ ਦੇ ਸਰਵਉੱਚ ਨਾਮ ਵਿੱਚ ਤੁਹਾਨੂੰ ਸ਼ੁੱਭ ਇੱਛਾਵਾਂ ਦਿੰਦੇ ਹਾਂ। ਯਿਸੂ ਮਸੀਹ ਦਾ ਨਾਮ ਸਭ ਨਾਮਾਂ ਤੋਂ ਉੱਚਾ ਹੈ! ਅਸੀਂ ਸਾਰੀ ਮਹਿਮਾ ਤੇ ਜਲਾਲ ਕੇਵਲ ਉਸੇ ਨੂੰ ਹੀ ਦਿੰਦੇ ਹਾਂ।

ਇਹ ਪ੍ਰਭੂ ਯਿਸੂ ਮਸੀਹ ਦੀ ਵੱਡੀ ਦਯਾ ਹੈ ਕਿ ਉਹ ਸਾਨੂੰ ਸਾਲ 2020 ਦੇ ਅੰਤ ਵਿੱਚ ਲੈ ਆਇਆ ਹੈ। ਸਾਲ ਦੇ ਅਰੰਭ ਵਿੱਚ ਅਸੀਂ ਸਭ ਨੇ ਇਹ ਸੋਚਿਆ ਸੀ ਕਿ ਇਹ ਸਾਲ ਸੰਸਾਰ ਦੇ ਸਭ ਲੋਕਾਂ ਲਈ ਬਰਕਤਾਂ ਅਤੇ ਖੁਸ਼ੀਆਂ ਲੈ ਕੇ ਆਵੇਗਾ; ਪਰੰਤੂ ਅੱਜ ਕਈ ਨਕਾਰਾਤਮਕ ਗੱਲਾਂ ਵਾਪਰ ਰਹੀਆਂ ਹਨ।

ਇਸਦਾ ਕੋਈ ਕਾਰਨ ਤਾਂ ਜ਼ਰੂਰ ਹੋਵੇਗਾ। ਜਿਹੜੀਆਂ ਚੀਜਾਂ ਅੱਜ ਵਾਪਰ ਰਹੀਆਂ ਹਨ ਉਹ ਪ੍ਰਮੇਸ਼ਵਰ ਕੋਲੋਂ ਲੁਕੀਆਂ ਹੋਈਆਂ ਨਹੀਂ । ਕੋਵਿਡ-19 ਨੇ ਦੁਨੀਆਂ ਭਰ ਦੇ ਲੋਕਾਂ ਅੰਦਰ ਡਰ ਪੈਦਾ ਕਰ ਦਿੱਤਾ ਹੈ। ਸਾਡੇ ਕਈ ਮਿੱਤਰ ਇਸ ਬਿਮਾਰੀ ਕਾਰਨ ਚਲੇ ਗਏ। ਅਸੀਂ ਇਸ ਲਈ ਦੁਖੀ ਹਾਂ।

ਆਮੋਸ ਦੇ ਪੁੱਤਰ ਯਸਾਯਾਹ ਦਾ ਦਰਸ਼ਨ ਜਿਹੜਾ ਉਸਨੇ ਯਹੂਦਾਹ ਤੇ ਯਰੂਸ਼ਲਮ ਦੇ ਵਿਕੇ ਉੱਜੀਯਾਹ, ਯਹਿਾਮ, ਆਹਾਜ਼ ਅਤੇ ਹਿਜ਼ਕੀਯਾਹ, ਯਹੂਦਾਹ ਦੇ ਪਾਤਸ਼ਾਹਾਂ ਦੇ ਦਿਨੀਂ ਵੇਖਿਆ। ਹੇ ਆਕਾਸ਼ ਸੁਣ ਅਤੇ ਹੇ ਧਰਤੀ ਕੰਨ ਲਾ, ਯਹੋਵਾਹ ਐਓਂ ਫਰਮਾਉਂਦਾ ਹੈ, "ਮੈਂ ਪੁੱਤਰਾਂ ਨੂੰ ਪਾਲਿਆ ਪੋਸਿਆ ਪਰ ਉਹ ਮੈਥੋਂ ਆਕੀ ਹੋ ਗਏ। ਬਲਦ ਆਪਣੇ ਮਾਲਕ ਨੂੰ ਅਤੇ ਖੋਤਾ ਆਪਣੇ ਸਾਈਂ ਦੀ ਖੁਰਲੀ ਨੂੰ ਜਾਣਦਾ ਹੈ ਪਰ ਇਸਰਾਏਲ ਨਹੀਂ ਜਾਣਦਾ, ਮੇਰੀ ਪਰਜਾ ਨਹੀਨ ਸੋਚਦੀ। ਹਾਏ ਪਾਪੀ ਕੌਮ! ਬਦੀ ਨਾਲ ਲੱਦੇ ਹੋਏ ਲੋਕ, ਬੁਰਿਆਰਾਂ ਦੀ ਨਸਲ, ਕੁਕਰਮੀ ਪੁੱਤਰ! ਉਨ੍ਹਾਂ ਨੇ ਯਹੋਵਾਹ ਨੂੰ ਤਿਆਗ ਦਿੱਤਾ, ਉਨ੍ਹਾਂ ਨੇ ਇਸਰਾਏਲ ਦੇ ਪਵਿੱਤਰ ਪੁਰਖ ਨੂੰ ਤੁੱਛ ਜਾਤਾ, ਉਹ ਉੱਕੇ ਹੀ ਬੇਮੁਖ ਹੋ ਗਏ। ਤੁਸੀਂ ਕਿਉਂ ਹੋਰ ਮਾਰ ਖਾਓਗੇ, ਧਰਮ ਤੋਂ ਮੁੱਕਰਦੇ ਜਾਓਗੇ? ਸਾਰਾ ਸਿਰ ਬਿਮਾਰ ਹੈ ਅਤੇ ਸਾਰਾ ਦਿਲ ਕਮਜ਼ੋਰ ਹੈ। ਪੈਰ ਦੀ ਤਲੀ ਤੋਂ ਰਿਸ ਤਾਈਂ ਉਸ ਵਿੱਚ ਤੰਦਰੁਸਤੀ ਨਹੀਂ। ਸੱਟ, ਚੋਟ ਤੇ ਕੱਚੇ ਘਾਓ, ਉਹ ਨਾ ਨਪਿੱਤੇ ਗਏ, ਨਾ ਬੰਨ੍ਹੇ ਗਏ, ਨਾ ਤੇਲ ਨਾਲ ਨਰਮ ਕੀਤੇ ਗਏ। ਤੁਹਾਡਾ ਦੇਸ਼ ਉਜਾੜ ਹੈ, ਤੁਹਾਡੇ ਨਗਰ ਅੱਗ ਨਾਲ ਸੜੇ ਪਏ ਹਨ, ਤੁਹਾਡੇ ਸਾਹਮਣੇ ਪਰਦੇਸੀ ਤੁਹਾਡੀ ਜ਼ਮੀਨ ਨੂੰ ਖਾਈ ਜਾਂਦੇ ਹਨ ਅਤੇ ਉਹ ਉਜਾੜ ਹੈ ਜਾਣੋ ਪਰਦੇਸੀਆਂ ਨੇ ਉਹ ਨੂੰ ਪਲਟਾ ਦਿੱਤਾ ਹੈ। ਸੀਯੋਨ ਦੀ ਧੀ ਅੰਗੂਰੀ ਬਾਗ ਦੇ ਛੱਪਰ ਵਾਂਙੁ ਛੱਡੀ ਗਈ, ਕੱਕੜੀਆਂ ਦੇ ਖੇਤ ਦੀ ਕੁੱਲੀ ਵਾਂਙੁ ਜਾਂ ਘੇਰੇ ਹੋਏ ਨਗਰ ਵਾਂਙੁ"। ਜੇ ਸੈਨਾ ਦਾ ਯਹੋਵਾਹ ਸਾਡੀ ਕੁਝ ਰਹਿੰਦ ਖੂੰਧ ਨਾ ਛੱਡਦਾ ਤਾਂ ਅਸੀਂ ਸਦੂਮ ਵਰਗੇ ਹੁੰਦੇ, ਅਮੂਰਾਹ ਜੇਹੇ ਹੋ ਜਾਂਦੇ। ਹੇ ਸਦੂਮ ਦੇ ਆਗੂਓ, ਯਹੋਵਾਹ ਦਾ ਬਚਨ ਸੁਣੋਂ; ਹੇ ਅਮੂਰਾਹ ਦੇ ਲੋਕੋ, ਸਾਡੇ ਪ੍ਰਮੇਸ਼ਵਰ ਦੀ ਬਿਵਸਥਾ ਤੇ ਕੰਨ ਲਾਓ। "ਮੈਨੂੰ ਤੁਹਾਡੀਆਂ ਬਲੀਆਂ ਦੀ ਵਾਫ਼ਰੀ ਨਾਲ ਕੀ ਕੰਮ?" ਯਹੋਵਾਹ ਇਹ ਆਖਦਾ ਹੈ, "ਮੈਂ ਤਾਂ ਛੱਤਰਿਆਂ ਦੀਆਂ ਹੋਮ ਬਲੀਆਂ ਨਾਲ ਅਤੇ ਪਲੇ ਹੋਏ ਪਸ਼ੂਆਂ ਦੀ ਚਰਬੀ ਨਾਲ ਰੱਜ ਗਿਆ ਹਾਂ, ਬਲਦਾਂ ਜਾਂ ਲੇਲਿਆਂ ਜਾਂ ਬੱਕਰਿਆਂ ਦੇ ਲਹੂ ਨਾਲ ਮੈਂ ਪ੍ਰਸੰਨ ਨਹੀਂ ਹਾਂ। ਜਦ ਤੁਸੀਂ ਮੇਰੇ ਸਨਮੁੱਖ ਹਾਜ਼ਰ ਹੁੰਦੇ ਹੋ ਤਾਂ ਤੁਹਾਡੀ ਵੱਲੋਂ ਕਿਸਨੇ ਚਾਹਿਆ ਭਈ ਤੁਸੀਂ ਮੇਰੇ ਵੇਹੜਿਆਂ ਨੂੰ ਮਿੱਧੋ? ਅੱਗੇ ਨੂੰ ਵਿਅਰਥ ਚੜ੍ਹਾਵੇ ਨਾ ਲਿਆਓ, ਧੂਪ, ਉਹ ਮੇਰੇ ਲਈ ਘਿਣਾਉਣੀ ਹੈ, ਅਮੱਸਿਆ ਅਤੇ ਸਬਤ, ਸੰਗਤਾਂ ਦਾ ਜੋੜ ਮੇਲਾ ਵੀ; ਮੈਂ ਬਦੀ ਅਤੇ ਧਰਮ ਸਭ ਝੱਲ ਨਹੀਂ ਸਕਦਾ। ਤੁਹਾਡੀ ਅਮੱਸਿਆਵਾਂ ਅਤੇ ਤੁਹਾਡੇ ਮਿੱਥੇ ਹੋਏ ਪਰਬਾਂ ਤੋਂ ਮੇਰੇ ਜੀ ਨੂੰ ਸੂਗ ਆਉਂਦੀ ਹੈ, ਉਹ ਮੇਰੇ ਲਈ ਖੇਚਲ

CHIEF EDITORS
Pastor S. Sam Selva Raj
Angeline Selvakumari Henry, M.A., M.Ed.
MANAGING EDITOR
Pastor Alex Samson Sam, B.Th., M.Div.
ADMINISTRATION
Bro. N. Prakasam, M.A., General Manager
EDITORIAL BOARD
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M. Phil., B.Ed.
Head Qrs. CO-ORDINATORS
Bro. John Rodrigues
Sis. E. Daisy Rani
ADVISORY BOARD
Adv. Jose Abraham
Adv. N. Balaji, B.Com., B.L.
Dr. S. Rabinder Boaz, M.S.
Er. C.G.S. Baburao, B.Tech., M.Tech. (DM)
Aud. K. Puratchivendan, M.Com., B.L.
Bro. Rajeswaran Samuel, B.Com.
PUBLISHER & PRINTER
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+91-44) 2852 8282
2852 9293, 2854 7766
Email : sam@echoofhiscall.org
biblecor@yahoo.co.in
Websites :
www.echoofhiscall.org
www.echoofhiscall.com

**Our Ministries:** ECHO OF HIS CALL Monthly Magazines (16 languages) BIBLECOR - Postal Courses (3 languages) Theological Correspondence Courses (2 languages) Church Planting Nehemiah Bible Colleges Gospel Printing Press Great Commission Partners Village English High School Crusades 100 Prayer Warriors Community Development

ਹਨ, ਚੁੱਕਦੇ ਚੁੱਕਦੇ ਮੈਂ ਥੱਕ ਗਿਆ ਹਾਂ। ਜਦ ਤੁਸੀਂ ਆਪਣੇ ਹੱਥ ਅੱਡੋਗੇ ਤਾਂ ਮੈਂ ਤੁਹਾਥੋਂ ਆਪਣੀ ਅੱਖ ਮੀਚ ਲਵਾਂਗਾ, ਨਾਲੇ ਭਾਵੇਂ ਤੁਸੀਂ ਕਿੰਨੀ ਪ੍ਰਾਰਥਨਾ ਕਰੋ, ਮੈਂ ਨਹੀਂ ਸੁਣਾਂਗਾ, ਤੁਹਾਡੇ ਹੱਥ ਲਹੂ ਨਾਲ ਭਰੇ ਹੋਏ ਹਨ। ਨਹਾਓ ਆਪਣੇ ਆਪ ਨੂੰ ਪਾਕ ਕਰੋ, ਆਪਣੇ ਬੁਰੇ ਕੰਮਾਂ ਨੂੰ ਮੇਰੀਆਂ ਅੱਖਾਂ ਦੇ ਅੱਗੋਂ ਦੂਰ ਕਰੋ, ਬੁਰਿਆਈ ਨੂੰ ਛੱਡੋ” (ਯਸਾਯਾਹ 1:1-16)।

ਜੋ ਪ੍ਰਮੇਸ਼ਵਰ ਆਖ ਰਿਹਾ ਹੈ ਉਸਤੋਂ ਇਲਾਵਾ ਸਾਡੇ ਲਈ ਬਚਣ ਦਾ ਹੋਰ ਕੋਈ ਰਾਹ ਨਹੀਂ ਹੈ।

ਪ੍ਰਮੇਸ਼ਵਰ ਦੀ ਦਯਾ ਨਾਲ ਅਸੀਂ ਉਸਦੀ ਸੇਵਕਾਈ ਵਿੱਚ ਅੱਗੇ ਵਧ ਰਹੇ ਹਾਂ। ਇਸ ਮਹਾਂਮਾਰੀ ਦੌਰਾਨ ਹੁਣ ਸਾਡੀ ਚਰਚ ਸੇਵਕਾਈ ਤੋਂ ਇਲਾਵਾ ਬਾਕੀ ਸਭ ਸੇਵਕਾਈਆਂ ਆਮ ਵਾਂਗ ਕੰਮ ਕਰਨ ਲੱਗ ਪਈਆਂ ਹਨ।

ਪ੍ਰਮੇਸ਼ਵਰ ਨੇ ਸਾਡੇ ਮਿਸ਼ਨ ਸਕੂਲ, ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਲਈ ਸਮਰਪਿਤ ਸੈਕਟਰੀ ਅਤੇ ਪ੍ਰਿੰਸੀਪਲ ਨੂੰ ਮੁਹੱਈਆ ਕੀਤਾ ਹੈ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪ੍ਰਮੇਸ਼ਵਰ ਸਾਡੇ ਸਕੂਲ ਨੂੰ ਗਰੀਬ ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਨ, ਮਿਸ਼ਨਰੀਆਂ ਅਤੇ ਪਾਸਟਰਾਂ ਦੀ ਸਹਾਇਤਾ ਲਈ ਅਗਲੇ ਸਤਰ ਤੇ ਲੈ ਕੇ ਜਾਵੇਗਾ। ਸਾਡੀ ਇਹੀ ਇੱਛਾ ਹੈ ਕਿ ਦੱਬੇ ਕੁਚਲੇ ਅਰ ਗਰੀਬ ਬੱਚਿਆਂ ਨੂੰ ਉੱਚ ਪੱਧਰ ਦੀ ਸਿੱਖਿਆਂ ਦੇ ਕੇ ਚੰਗੇ ਨਾਗਰਿਕ, ਵਿਸ਼ਵ ਲੀਡਰ, ਵਿਗਿਆਨੀ, ਅਤੇ ਪ੍ਰਮੇਸ਼ਵਰ ਦਾ ਭੈ ਮੰਨਣ ਵਾਲੇ ਲੋਕ ਬਣਾਇਆ ਜਾਵੇ; ਅੰਗ੍ਰੇਜ਼ੀ ਭਾਸ਼ਾ ਸਿਖਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਇਸ ਕੰਮ ਵਿੱਚ ਸਫ਼ਲਤਾ ਲਈ ਸਾਨੂੰ ਤੁਹਾਡੀਆਂ ਪ੍ਰਾਰਥਨਾਵਾਂ ਅਰ ਮਦਦ ਦੀ ਲੋੜ ਹੈ। ਇਹ ਸਾਡੇ ਸਕੂਲ ਦਾ 24ਵਾਂ ਸਾਲ ਹੈ। ਅਸੀਂ ਇਹ ਜਾਣਦੇ ਹਾਂ ਕਿ ਪ੍ਰਮੇਸ਼ਵਰ ਨੇ ਉਸਦੀ ਵੱਡੀ ਯੋਜਨਾ ਨਾਲ ਇਹ ਸਕੂਲ ਸਾਨੂੰ ਸੌਂਪਿਆ ਹੈ। ਇਸ ਲਈ ਅਸੀਂ ਪ੍ਰਮੇਸ਼ਵਰ ਦੇ ਹੱਥ ਹੇਠ ਖੁਦ ਨੂੰ ਨਿਮਰ ਕਰੀਏ ਕਿ ਉਹ ਸਹੀ ਸਮੇਂ ਤੇ ਸਾਨੂੰ ਉੱਚਾ ਕਰ ਸਕੇ (1 ਪਤਰਸ 5:6)।


Secretary


Principal

ਇਨ੍ਹੀਂ ਦਿਨੀਂ ਕੰਮ ਦਾ ਬੋਝ ਬਹੁਤ ਹੋਣ ਕਰਕੇ ਅਸੀਂ ਆਪਣੇ ਮੁੱਖ ਦਫ਼ਤਰ ਚੇਪੌਕ, ਚੇਨੰਈ ਵਿੱਚ ਰੋਜ਼ਾਨਾ ਦੇ ਦਫ਼ਤਰੀ ਕੰਮ ਅਰ ਸਾਰੀਆਂ ਯੋਜਨਾਵਾਂ ਨੂੰ ਪੂਰਾ ਕਰਨ ਵਿੱਚ ਮੁਸ਼ਕਿਲ ਦਾ ਅਨੁਭਵ ਕਰ ਰਹੇ ਹਾਂ। ਇਸ ਲਈ ਹੇਠ ਲਿਖਿਤ, ਮਿਸ਼ਨ ਦੀ ਸੋਚ ਰੱਖਣ ਵਾਲੇ ਦਫ਼ਤਰੀ ਸਟਾਫ਼ ਦੀ ਲੋੜ ਹੈ:

1. ਅੰਗ੍ਰੇਜ਼ੀ ਪੱਤਰ ਵਿਹਾਰ ਅਰ ਹੋਰ ਪ੍ਰਬੰਧਕੀ ਕੰਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਮੁੱਖ ਐਗਜ਼ੀਕਿਊਟਿਵ ਦੇ ਸੈਕਟਰੀ (ਯੋਗਤਾ: ਗ੍ਰੈਜੁਏਟ, ਨਿੱਜੀ ਤੌਰ ਤੇ ਅੰਗ੍ਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਪੱਤਰ ਵਿਹਾਰ ਕਰਨ ਯੋਗ)। ਵਧੀਆ ਕੰਪਿਊਟਰ ਆਪਰੇਟ ਕਰਨ ਦੀ ਕਲਾ ਜ਼ਰੂਰ ਆਉਂਦੀ ਹੋਵੇ।
2. ਕੰਪਿਊਟਰ ਦੀ ਵਧੀਆ ਜਾਣਕਾਰੀ ਰੱਖਣ ਵਾਲੇ, ਅੰਗ੍ਰੇਜ਼ੀ ਅਰ ਹੋਰ ਭਾਸ਼ਾਵਾਂ ਲਈ DTP ਆਪ੍ਰੇਟਰ।
3. ਸੰਗੀਤਕਾਰ ਜੋ ਹਰ ਤਰਾਂ ਦੇ ਟੈਕਨੀਕਲ ਕੰਮ ਦੀ ਜਾਣਕਾਰੀ ਰੱਖਦੇ ਹੋਣ।

ਅਸੀਂ ਢੁਕਵੀਂ ਤਨਖਾਹ ਦੇਵਾਂਗੇ। ਕਿਰਪਾ ਕਰਕੇ ਪ੍ਰਾਰਥਨਾ ਕਰੋ ਕਿ ਪ੍ਰਮੇਸ਼ਵਰ ਸਹੀ ਵਿਅਕਤੀਆਂ ਨੂੰ ਸੇਵਕਾਈ ਦੇ ਕੰਮ ਲਈ ਮੁਹੱਈਆ ਕਰੇ।

ਅਸੀਂ ਸਾਲ 2021 ਵਿੱਚ ਬੁਲਾਵੇ ਦੀ ਗੂੰਜ ਸੇਵਕਾਈਆਂ ਨੂੰ ਅਗਲੇ ਪੱਧਰ ਤੇ ਲਿਜਾਣ ਦੇ ਉਪਰਾਲੇ ਕਰ ਰਹੇ ਹਾਂ। ਕ੍ਰਿਸਮਸ ਅਰ ਨਵਾਂ ਸਾਲ ਦਸਤਕ ਦੇ ਰਹੇ ਹਨ। ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਮਾਸਕ ਪਾ ਕੇ ਰੱਖੋ, ਬਾਰ ਬਾਰ ਹੱਥ ਧੋਵੋ, ਅਤੇ ਸਮਾਜਿਕ ਦੂਰੀ ਬਣਾ ਕੇ ਰੱਖੋ। ਉਤਸਵਾਂ ਨੂੰ ਮਨਾਉਣਾ ਇੱਕ ਚੰਗੀ ਗੱਲ ਹੈ। “ਪ੍ਰਮੇਸ਼ਵਰ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਕਿ ਜੋ ਵੀ ਉਸ ਉੱਤੇ ਨਿਹਚਾ ਕਰੇ ਸੋ ਹਲਾਕ ਨਾ ਹੋਵੇ ਬਲਕਿ ਸਦਾ ਦਾ ਜੀਵਨ ਪਾਵੇ” (ਯੂਹੰਨਾ 3:16)। ਅਸੀਂ ਤੁਹਾਨੂੰ ਕ੍ਰਿਸਮਸ ਅਰ ਮੁਬਾਰਕ ਨਵੇਂ ਸਾਲ 2021 ਦੀਆਂ ਮੁਬਾਰਕਾਂ ਦਿੰਦੇ ਹਾਂ।

“ਯਹੋਵਾਹ ਤੇਰੀ ਅਗਵਾਈ ਸਦਾ ਕਰਦਾ ਰਹੇਗਾ, ਝੁਲਸਿਆਂ ਥਾਵਾਂ ਵਿੱਚ ਤੇਰੀ ਜਾਨ ਨੂੰ ਤ੍ਰਿਪਤ ਕਰੇਗਾ, ਅਤੇ ਤੇਰੀਆਂ ਹੱਡੀਆਂ ਨੂੰ ਮਜਬੂਤ ਕਰੇਗਾ, ਤੂੰ ਸਿੰਜੇ ਹੋਏ ਬਾਗ ਜਿਹਾ ਹੋਏਂਗਾ ਅਤੇ ਉਹ ਸੁੰਬ ਜਿਹ ਦਾ ਪਾਣੀ ਮੁੱਕਦਾ ਨਹੀਂ “। (ਯਸਾਯਾਹ 58:11)

ਪ੍ਰਮੇਸ਼ਵਰ ਨਵੇਂ ਸਾਲ ਵਿੱਚ ਤੁਹਾਨੂੰ ਅਸੀਸ ਦੇਵੇ!

ਤੁਹਾਡੇ ਸੇਵਕ,

ਪਾ: ਸੈਮ ਅਤੇ ਸੈਮਸਨ।

(ਚਲਦਾ ਸਫਾ 1 ਤੋਂ)

ਇਸਰਾਏਲ ਦਾ ਨਬੀ ਅਰ ਨਿਆਂਈਂ ਬਣਾਉਣਾ ਚਾਹੁੰਦਾ ਸੀ। ਉਸਨੇ ਸਮੂਏਲ ਨਾਲ ਗੱਲ ਕੀਤੀ ਅਤੇ ਉਸਨੂੰ ਦਲੇਰ ਅਤੇ ਬੁੱਧੀਮਾਨ ਬਣਾਇਆ।ਪ੍ਰਮੇਸ਼ਵਰ ਨੇ ਉਸਨੂੰ ਪ੍ਰਕਾਸ਼ਨ ਦਿੱਤਾ ਕਿ ਉਹ ਆਪਣੀਆਂ ਹੱਦਾਂ ਤੋਂ ਅਗਾਂਹ ਵੇਖ ਸਕੇ। ਇਸੇ ਕਰਕੇ ਲੋਕ ਉਸਨੂੰ ਦੂਰਦਰਸ਼ੀ ਅਰ ਨਬੀ ਆਖਦੇ ਸਨ। ਜਦੋਂ ਸ਼ਾਊਲ ਅਤੇ ਉਸਦਾ ਸਾਥੀ ਆਪਣੀਆਂ ਗਧੀਆਂ ਲੱਭ ਰਹੇ ਸਨ ਤਾਂ ਉਹ ਸਮੂਏਲ ਕੋਲ ਪਹੁੰਚੇ। ਸਮੂਏਲ ਨੇ ਇੱਕ ਨਬੀ ਅਰ ਨਿਆਂਈਂ ਦੇ ਰੂਪ ਵਿੱਚ 52 ਵਰ੍ਹੇ ਇਸਰਾਏਲ ਦੀ ਅਗਵਾਈ ਕੀਤੀ!

ਪ੍ਰਭੂ ਯਿਸੂ ਕੋਲ ਇੱਕ ਪ੍ਰਕਾਸ਼ਨ ਸੀ: ਯਿਸੂ ਨੇ ਉਨ੍ਹਾਂ ਨੂੰ ਕਿਹਾ, “ਮੇਰਾ ਭੋਜਨ ਇਹੋ ਹੈ ਕਿ ਆਪਣੇ ਭੇਜਣ ਵਾਲੇ ਦੀ ਮਰਜ਼ੀ ਉੱਤੇ ਚੱਲਾਂ ਅਤੇ ਪਿਤਾ ਦੇ ਕੰਮ ਨੂੰ ਪੂਰਾ ਕਰਾਂ”

ਬੁਲਾਵੇ ਦੀ ਗੂੰਜ ਸੇਵਕਾਈਆਂ, ਬੁਲਾਵੇ ਦੀ ਗੂੰਜ ਮੈਗਜ਼ੀਨ ਦੇ ਸਬਸਕ੍ਰਿਪਸ਼ਨ ਅਤੇ ਤੁਹਾਡੇ ਜਿਹੇ ਮਿੱਤਰਾਂ ਦੇ ਵੱਲੋਂ ਖੁਸ਼ੀ ਨਾਲ ਭੇਜੇ ਜਾਂਦੇ ਅਨੁਦਾਨਾਂ ਨਾਲ ਚੱਲਦੀਆਂ ਹਨ। ਪ੍ਰਮੇਸ਼ਵਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ (2 ਕੁਰਿੰਥੀਆਂ 9:7)। ਸਭਨਾਂ ਲਈ- ਹਰ ਕੀਮਤ ਤੇ- ਹਰ ਢੰਗ ਨਾਲ- ਕਿਸੇ ਵੀ ਢੰਗ ਨਾਲ (1 ਕੁਰਿੰਥੀਆਂ 9:22)।

-ਸੰਪਾਦਕ

(ਯੂਹੰਨਾ 4:34)। ਪ੍ਰਮੇਸ਼ਵਰ ਨੇ ਸਾਨੂੰ ਇਸੇ ਲਈ ਸਾਜਿਆ ਕਿ ਅਸੀਂ ਉਸਦੀ ਮਰਜ਼ੀ ਨੂੰ ਪੂਰਾ ਕਰੀਏ। ਜਦੋਂ ਤੱਕ ਸਾਨੂੰ ਉਸਦਾ ਪ੍ਰਕਾਸ਼ਨ ਨਹੀਂ ਮਿਲਦਾ ਅਸੀਂ ਪੂਰੇ ਨਹੀਂ ਹੋ ਸਕਦੇ। ਸਾਡੇ ਲਈ ਪ੍ਰਮੇਸ਼ਵਰ ਦੀ ਮਰਜ਼ੀ ਅਰ ਸਾਡਾ ਪ੍ਰਕਾਸ਼ਨ ਇਕੱਠੇ ਚੱਲਣੇ ਚਾਹੀਦੇ ਹਨ।

ਜਿਵੇਂ ਭੋਜਨ ਸਰੀਰ ਨੂੰ ਅਨੰਦ/ਸੰਤੁਸ਼ਟੀ/ ਅਤੇ ਤਾਕਤ ਦਿੰਦਾ ਹੈ ਉਵੇਂ ਹੀ ਸਾਡੇ ਪ੍ਰਕਾਸ਼ਨ ਦੀ ਪੂਰਤੀ ਸਾਡੀ ਆਤਮਾ ਨੂੰ ਸੁਕੂਨ ਦੇਵੇਗੀ। ਇਹ ਸਾਡੀ ਜਾਨ ਅਤੇ ਰੂਹ ਨੂੰ ਸੰਤੁਸ਼ਟੀ ਦੇਵੇਗੀ।ਪ੍ਰਮੇਸ਼ਵਰ ਨੇ ਯਿਸੂ ਮਸੀਹ ਨੂੰ ਸੰਸਾਰ ਵਿੱਚ ਕੰਮ ਪੂਰਾ ਕਰਨ ਲਈ ਭੇਜਿਆ ਜਿਸ ਨਾਲ ਕਿ ਪਿਤਾ ਨੂੰ ਸੰਤੁਸ਼ਟੀ ਮਿਲੇ। ਪ੍ਰਭੂ ਨੇ ਆਖਿਆ, "ਜਿਹੜਾ ਕੰਮ ਤੈਂ ਕਰਨ ਲਈ ਮੈਨੂੰ ਦਿੱਤਾ ਸੀ ਉਹ ਨੂੰ ਪੂਰਾ ਕਰਕੇ ਮੈਂ ਧਰਤੀ ਉੱਤੇ ਤੇਰੀ ਵਡਿਆਈ ਕੀਤੀ ਹੈ" (ਯੂਹੰਨਾ 17:4)।

ਸਾਡੇ ਸਭ ਕੋਲ ਪ੍ਰਕਾਸ਼ਨ ਹੋਣਾ ਚਾਹੀਦਾ ਹੈ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਇਸ ਸੰਸਾਰ ਵਿੱਚ ਕਿਉਂ ਆਏ ਹਾਂ? ਅਸੀਂ ਆਪਣੀ ਮਰਜ਼ੀ ਨਾਲ ਨਹੀਂ ਆਏ ਬਲਕਿ ਕਿਸੇ ਖਾਸ ਕੰਮ ਨੂੰ ਪੂਰਾ ਕਰਨ ਲਈ ਭੇਜੇ ਗਏ ਹਾਂ। ਜੇਕਰ ਲੋਕ ਬਗੈਰ ਕਿਸੇ ਉਦੇਸ਼ ਤੋਂ ਧਰਤੀ ਤੇ ਆਉਂਦੇ ਤਾਂ ਸੰਸਾਰ ਅੱਜ ਅਜਿਹਾ ਨਾ ਹੁੰਦਾ। ਹਰੇਕ ਯੁੱਗ ਵਿੱਚ ਮੂਸਾ ਅਰ ਹੋਰ ਨਬੀਆਂ ਵਾਂਗ ਲੋਕ ਆਪਣਾ ਕੰਮ ਪੂਰਾ ਕਰਨ ਲਈ ਆਉਂਦੇ ਰਹੇ ਹਨ (ਲੂਕਾ 16:29)। ਪ੍ਰਮੇਸ਼ਵਰ ਨੇ ਕਈਆਂ ਨੂੰ ਰਸੂਲ, ਕਈਆਂ ਨੂੰ ਨਬੀ, ਹੋਰਾਂ ਨੂੰ ਸੁਸਮਾਚਾਰਕ ਅਰ ਕੁਝ ਹੋਰਾਂ ਨੂੰ ਪ੍ਰਚਾਰਕ ਅਰ ਸਿਖਾਉਣ ਵਾਲੇ ਕਰਕੇ ਨਿਯੁਕਤ ਕੀਤਾ ਹੈ (ਅਫ਼ਸੀਆਂ 4:11)। ਹਰੇਕ ਪੀੜ੍ਹੀ ਵਿੱਚ ਪ੍ਰਮੇਸ਼ਵਰ ਆਪਣੇ ਕੰਮ ਲਈ ਇਨ੍ਹਾਂ ਕਾਮਿਆਂ ਨੂੰ ਨਿਯੁਕਤ ਕਰਦਾ ਹੈ। ਉਦੇਸ਼ ਇਹੀ ਹੈ ਕਿ ਅਸੀਂ ਧਰਤੀ ਉੱਤੇ ਉਸਦੀ ਮਰਜ਼ੀ ਨੂੰ ਪੂਰਾ ਕਰੀਏ।

ਜਦੋਂ ਤੱਕ ਸਾਨੂੰ ਪ੍ਰਮੇਸ਼ਵਰ ਦਾ ਪ੍ਰਕਾਸ਼ਨ ਨਹੀਂ ਮਿਲਦਾ ਅਸੀਂ ਫ਼ੈਸਲਾ ਨਹੀਂ ਲੈ ਸਕਦੇ ਕਿ ਜੀਵਨ ਵਿੱਚ ਕਰਨਾ ਕੀ ਹੈ। ਸਾਡਾ ਜੀਵਨ ਦਿਸ਼ਾਹੀਣ ਹੋਵੇਗਾ ਅਤੇ ਅਸੀਂ ਕੰਮ ਪੂਰਾ ਨਹੀਂ ਕਰ ਪਾਵਾਂਗੇ। ਸੰਪੂਰਨਤਾ ਸਾਡੀ ਆਪਣੀ ਇੱਛਾ ਪੂਰੀ ਕਰਕੇ ਨਹੀਂ ਆਵੇਗੀ ਪਰੰਤੂ ਪ੍ਰਮੇਸ਼ਵਰ ਦੀ ਮਰਜ਼ੀ ਪੂਰੀ ਕਰਕੇ ਆਵੇਗੀ। ਇਸਦੇ ਲਈ ਜ਼ਰੂਰੀ ਹੈ ਕਿ ਉਹ ਪ੍ਰਤੱਖ ਹੋ ਕੇ ਜਾਂ ਉਸਦੇ ਕਲਾਮ ਰਾਹੀਂ ਉਸਦਾ ਪ੍ਰਕਾਸ਼ਨ ਸਾਨੂੰ ਦੇਵੇ। ਹਰ ਮਨੁੱਖ ਇਹ ਉਮੀਦ ਨਹੀਂ ਕਰ ਸਕਦਾ ਕਿ ਪ੍ਰਮੇਸ਼ਵਰ ਜ਼ਾਹਰੀ ਰੂਪ ਵਿੱਚ ਹੀ ਉਸਨੂੰ ਪ੍ਰਕਾਸ਼ਨ ਦੇਵੇ! ਪ੍ਰਮੇਸ਼ਵਰ ਆਪਣੇ ਕਲਾਮ ਰਾਹੀਂ ਵੀ ਆਪਣਾ ਪ੍ਰਕਾਸ਼ਨ ਦੇ ਸਕਦਾ ਹੈ।ਪ੍ਰਮੇਸ਼ਵਰ ਪ੍ਰਾਰਥਨਾ, ਧਿਆਨ ਵਿੱਚ ਜਾਂ ਕਲਾਮ ਪੜ੍ਹਦੇ ਸਮੇਂ ਵੀ ਪ੍ਰਕਾਸ਼ਨ ਦੇ ਸਕਦਾ ਹੈ। ਜਦੋਂ ਸਾਨੂੰ ਪ੍ਰਕਾਸ਼ਨ ਮਿਲ ਜਾਂਦਾ ਹੈ ਤਾਂ ਸਾਨੂੰ ਉਸਨੂੰ ਪੂਰਾ ਕਰਨ ਲਈ ਲੋੜੀਂਦੀ ਤਾਕਤ ਵੀ ਮਿਲ ਜਾਂਦੀ ਹੈ। ਅਤੇ ਇਹ ਅਨੰਦ ਅਰ ਬਰਕਤਾਂ ਦੀ ਭਰਪੂਰੀ ਵੱਲ ਸਾਨੂੰ ਲੈ ਜਾਂਦਾ ਹੈ। ਭੋਜਨ ਸਾਡੇ ਜੀਣ ਲਈ ਲੋੜੀਂਦਾ ਹੈ। ਇਹ ਤਾਕਤ ਅਰ ਸੰਤੁਸ਼ਟੀ ਦਿੰਦਾ ਹੈ। ਅਸੀਂ ਲੋੜਵੰਦ ਲੋਕਾਂ ਨਾਲ ਵੀ ਇਸਨੂੰ ਵੰਡ ਸਕਦੇ ਹਾਂ। ਪ੍ਰਭੂ ਯਿਸੂ ਲਈ ਭੋਜਨ ਪਿਤਾ ਦੀ ਮਰਜ਼ੀ ਨੂੰ ਪੂਰਾ ਕਰਨਾ ਸੀ। ਜਦੋਂ ਅਸੀਂ ਪ੍ਰਮੇਸ਼ਵਰ ਦੀ ਮਰਜ਼ੀ ਪੂਰੀ ਕਰਦੇ ਹਾਂ ਤਾਂ ਉਹ ਸਾਡੀਆਂ ਲੋੜਾਂ ਨੂੰ ਵੀ ਪੂਰਾ ਕਰਦਾ ਹੈ! ਸਾਨੂੰ ਚਿੰਤਾ ਕਰਨ ਦੀ ਲੋੜ ਨਹੀਂ।

## 2. ਪ੍ਰਮੇਸ਼ਵਰ ਵੱਲੋਂ ਪ੍ਰਕਾਸ਼ਨ

ਯਿਰਮਿਯਾਹ ਵਿੱਚ ਪ੍ਰਮੇਸ਼ਵਰ ਵੱਲੋਂ ਇੱਕ ਅਦਭੁੱਤ ਸੰਦੇਸ਼ ਮਿਲਦਾ ਹੈ:

ਯਿਰਮਿਯਾਹ 1:4-10

4. ਤਾਂ ਯਹੋਵਾਹ ਦਾ ਬਚਨ ਇਹ ਆਖ ਕੇ ਮੇਰੇ ਕੋਲ ਆਇਆ-

5. ਏਹ ਤੋਂ ਪਹਿਲਾਂ ਕਿ ਮੈਂ ਤੈਨੂੰ ਢਿੱਡ ਵਿੱਚ ਸਾਜਿਆ, ਮੈਂ ਤੈਨੂੰ ਜਾਣਦਾ ਸਾਂ; ਏਹ ਤੋਂ ਪਹਿਲਾਂ ਕਿ ਤੂੰ ਕੁੱਖੋਂ ਨਿਕਲਿਆ, ਮੈਂ ਤੈਨੂੰ ਵੱਖਰਾ ਕੀਤਾ; ਮੈਂ ਤੈਨੂੰ ਕੌਮਾਂ ਲਈ ਨਬੀ ਮਿੱਥਿਆ।

6. ਤਾਂ ਮੈਂ ਆਖਿਆ, ਹਾਏ! ਪ੍ਰਭੂ ਯਹੋਵਾਹ ਵੇਖ, ਮੈਂ ਗੱਲ ਕਰਨੀ ਨਹੀਂ ਜਾਣਦਾ, ਮੈਂ ਛੋਕਰਾ ਜੋ ਹਾਂ।

7. ਯਹੋਵਾਹ ਨੇ ਮੈਨੂੰ ਆਖਿਆ, ਤੂੰ ਨਾ ਆਖ ਕਿ ਮੈਂ ਛੋਕਰਾ ਹਾਂ, ਤੂੰ ਤਾਂ ਸਾਰਿਆਂ ਕੋਲ ਜਿਨ੍ਹਾਂ ਕੋਲ ਮੈਂ ਤੈਨੂੰ ਘੱਲਾਂਗਾ ਜਾਵੇਂਗਾ; ਸਭ ਕੁਝ ਜੋ ਮੈਂ ਤੈਨੂੰ ਹੁਕਮ ਦਿਆਂਗਾ ਤੂੰ ਬੋਲੇਂਗਾ।

8. ਉਨ੍ਹਾਂ ਦੇ ਅੱਗਿਓਂ ਨਾ ਡਰੀਂ, ਮੈਂ ਤੈਨੂੰ ਛੁਡਾਉਣ ਲਈ ਤੇਰੇ ਅੰਗ ਸੰਗ ਜੋ ਹਾਂ, ਯਹੋਵਾਹ ਦਾ ਵਾਕ ਹੈ।

9. ਤਾਂ ਯਹੋਵਾਹ ਨੇ ਆਪਣਾ ਹੱਥ ਵਧਾ ਕੇ ਮੇਰੇ ਮੂੰਹ ਨੂੰ ਛੋਹਿਆ, ਅਤੇ ਯਹੋਵਾਹ ਨੇ ਮੈਨੂੰ ਆਖਿਆ ਵੇਖ, ਮੈਂ ਆਪਣੇ ਬਚਨ ਤੇਰੇ ਮੂੰਹ ਵਿੱਚ ਪਾ ਦਿੱਤੇ।

10. ਵੇਖ, ਮੈਂ ਅੱਜ ਦੇ ਦਿਨ ਤੈਨੂੰ ਕੌਮਾਂ ਉੱਤੇ ਅਤੇ ਪਾਤਸ਼ਾਹੀਆਂ ਉੱਤੇ ਥਾਪਿਆ ਹੈ ਕਿ ਤੂੰ ਪੁੱਟੇਂ ਤੇ ਢਾਵੇਂ, ਨਾਸ ਕਰੇਂ ਤੇ ਡੇਗੇਂ, ਬਣਾਵੇਂ ਤੇ ਲਾਵੇਂ।

ਪ੍ਰਮੇਸ਼ਵਰ ਦਾ ਵਚਨ ਯਿਰਮਿਯਾਹ ਕੋਲ ਆਇਆ।ਪ੍ਰਮੇਸ਼ਵਰ ਨੇ ਉਸਨੂੰ ਮਾਂ ਦੀ ਕੁੱਖੋਂ ਹੀ ਅਲੱਗ ਕੀਤਾ ਕਿ ਉਹ ਕੌਮਾਂ ਅਰ ਉੱਮਤਾਂ ਕੋਲ ਉਸਦਾ ਸੰਦੇਸ਼ ਲੈ ਕੇ ਜਾਵੇ ਪੁੱਟੇ ਤੇ ਢਾਵੇ, ਨਾਸ ਕਰੇ ਤੇ ਡੇਗੇ, ਬਣਾਵੇ ਤੇ ਲਾਵੇ। ਬੁਰਿਆਈਆਂ ਅਰ ਬੁਰੇ ਕੰਮਾਂ ਦਾ ਪੁੱਟਿਆ ਜਾਣਾ ਅਤੇ ਨਾਸ਼ ਕੀਤਾ ਜਾਣਾ ਜ਼ਰੂਰੀ ਸੀ। ਇਹ ਯਹੂਦਾਹ ਦੇ ਬਾਰੇ ਇੱਕ ਸਪੱਸ਼ਟ ਪ੍ਰਕਾਸ਼ਨ ਸੀ। ਕੌਮ, ਪ੍ਰਮੇਸ਼ਵਰ ਦੀ ਮਰਜ਼ੀ ਤੋਂ ਦੂਰ ਜਾ ਚੁੱਕੀ ਸੀ। ਇਸਦਾ ਢਾਇਆ ਜਾਣਾ ਅਤੇ ਨਾਸ ਕੀਤਾ ਜਾਣਾ ਜ਼ਰੂਰੀ ਸੀ ਤਾਂ ਕਿ ਬਾਕੀ ਬਚਿਆਂ ਵਿੱਚੋਂ ਇੱਕ ਨਵੇਂ ਰਾਸ਼ਟਰ ਦਾ ਨਿਰਮਾਣ ਕੀਤਾ ਜਾਂਦਾ।

ਜਦੋਂ ਪ੍ਰਮੇਸ਼ਵਰ ਦੇ ਲੋਕ ਉਸਦੀ ਯੋਜਨਾ ਤੋਂ ਦੂਰ ਚਲੇ ਜਾਂਦੇ ਹਨ ਤਾਂ ਉਹ ਉਨ੍ਹਾਂ ਨੂੰ ਨਾਸ ਕਰਕੇ ਇੱਕ ਨਵੀਂ ਸ਼ੁਰੂਆਤ ਕਰਨ ਤੋਂ ਗੁਰੇਜ਼ ਨਹੀਂ ਕਰਦਾ। ਕੌਮਾਂ ਉੱਪਰ ਆਉਣ ਵਾਲੀਆਂ ਵਿਪੱਤੀਆਂ ਸਾਨੂੰ ਇਹੀ ਸੰਦੇਸ਼ ਦਿੰਦੀਆਂ ਹਨ। ਜੇਕਰ ਕੋਰੋਨਾ ਰਾਸ਼ਟਰਾਂ ਨੂੰ ਬਰਬਾਦ ਕਰ ਰਿਹਾ ਹੈ ਤਾਂ ਇਸਦਾ ਅਰਥ ਹੈ ਕਿ ਪ੍ਰਮੇਸ਼ਵਰ ਕੌਮਾਂ ਨੂੰ ਗਹਿਰੀ ਨੀਂਦ ਤੋਂ ਜਗਾ ਕੇ ਦੁਸ਼ਟਤਾ ਅਰ ਮਲਿਨਤਾ ਤੋਂ ਸ਼ੁੱਧ ਕਰਨਾ ਚਾਹੁੰਦਾ ਹੈ। ਇਹ ਵਿਨਾਸ਼ ਲਈ ਨਹੀਂ ਬਲਕਿ ਸੁਧਾਰ ਅਤੇ ਨਵ-ਨਿਰਮਾਣ ਲਈ ਹੈ। ਇਸ ਲਈ ਕੌਮਾਂ ਨਾ ਘਬਰਾਉਣ ਕਿਉਂਕਿ ਪ੍ਰਮੇਸ਼ਵਰ ਸਭ ਭਲਾਈ ਲਈ ਹੀ ਕਰਦਾ ਹੈ। ਦਰਦ ਥੋੜੇ ਸਮੇਂ ਲਈ ਪਰੰਤੂ ਨਵ-ਨਿਰਮਾਣ ਸਦਾ ਲਈ ਹੈ।

## 3. ਪ੍ਰਮੇਸ਼ਵਰ ਬਾਰੇ ਪ੍ਰਕਾਸ਼ਨ

ਪ੍ਰਮੇਸ਼ਵਰ ਨੇ ਖੁਦ ਨੂੰ ਮੁਹੱਈਆ ਕਰਨ ਵਾਲੇ ਪ੍ਰਮੇਸ਼ਵਰ ਵੱਜੋਂ ਇਸਰਾਏਲੀਆਂ ਉੱਤੇ ਪਰਗਟ ਕੀਤਾ। ਇਸਰਾਏਲੀਆਂ ਨੇ ਮਿਸਰ ਵਿੱਚੋਂ ਨਿਕਲ ਕੇ ਕਨਾਨ ਲਈ ਆਪਣੀ ਯਾਤਰਾ ਸ਼ੁਰੂ ਕੀਤੀ। ਉਹ ਲਾਲ ਸਮੁੰਦਰ ਵੱਲ ਵਧ ਰਹੇ ਸਨ। ਮਿਸਰੀ ਸੈਨਾ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ। ਉਨ੍ਹਾਂ ਕੋਲ ਬਚਣ ਦਾ ਕੋਈ ਰਾਹ ਨਹੀਂ ਸੀ ਅਰ ਲਾਲ ਸਮੁੰਦਰ ਉਨ੍ਹਾਂ ਨੂੰ ਉਨ੍ਹਾਂ ਦੀ ਕਬਰ ਵਾਂਗ ਵਿਖਾਈ ਦੇ ਰਿਹਾ ਸੀ। ਲੋਕ ਉਨ੍ਹਾਂ ਦੇ ਇਸ

(ਚਲਦਾ ਸਫਾ 6-)

**GREAT COMMISSION PARTNERS -ਮਹਾਨ ਉਦੇਸ਼ ਸਹਿਭਾਗੀ**

TO SHARE (Galatians 6:2), SUPPORT (Romans 12:13) & SPEEDUP (II Timothy 1:6)
ਵੰਡਣਾ (ਗਲਾਤੀਆਂ ੬:੨), ਸਹਾਇਤਾ ਕਰਨਾ(ਰੋਮੀਆਂ ੧੨:੧੩) ਅਤੇ ਤੇਜੀ ਕਰਨਾ (੨ਤਿਮੋਥੀਅਸ ੧:੬)

## ਪ੍ਰਾਰਥਨਾ ਅਤੇ ਤਾਰੀਫ ਦੇ ਮੁੱਦੇ

## 19 ਦਸੰਬਰ 2020 ਤੋਂ 18 ਜਨਵਰੀ 2021 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

## ਪ੍ਰਮੇਸ਼ਵਰ ਕੰਮ ਕਰ ਰਿਹਾ ਹੈ!

## ਵਡਿਆਈ ਦੇ ਮੁੱਦੇ

19 ਦਸੰਬਰ: ਪ੍ਰਮੇਸ਼ਵਰ ਦਾ ਸ਼ਿਫ਼ਾ ਭਰਿਆ ਹੱਥ ਸਾਡੇ ਭਰਾ ਅਰ ਸਹਾਇਕ ਸੰਪਾਦਕ ਬ੍ਰ. ਪੌਲਰਾਜ ਦੇ ਨਾਲ ਹੈ।

20 ਦਸੰਬਰ: ਪ੍ਰਮੇਸ਼ਵਰ ਨੇ ਸਾਡੀ ਸੇਵਕਾਈ ਨੂੰ ਨਵੇਂ ਉਰਦੂ ਸਹਾਇਕ ਸੰਪਾਦਕ ਦੀ ਅਸੀਸ ਦਿੱਤੀ ਹੈ।

21 ਦਸੰਬਰ: ਪ੍ਰਮੇਸ਼ਵਰ ਨੇ ਮਨੀਪੁਰੀ ਭਾਸ਼ਾ ਵਿੱਚ ਬੁਲਾਵੇ ਦੀ ਗੂੰਜ ਪ੍ਰਕਾਸ਼ਿਤ ਕਰਨ ਵਿੱਚ ਸਾਡੀ ਮਦਦ ਕੀਤੀ।

22 ਦਸੰਬਰ: ਪ੍ਰਮੇਸ਼ਵਰ ਨੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਲਈ ਨਵੇਂ ਪ੍ਰਿੰਸੀਪਲ ਨੂੰ ਮੁਹੱਈਆ ਕੀਤਾ।

23 ਦਸੰਬਰ: ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

24 ਦਸੰਬਰ: ਪ੍ਰਮੇਸ਼ਵਰ ਨੇ ਇਸ ਕ੍ਰਿਸਮਸ ਤੱਕ ਸਾਨੂੰ ਸੰਭਾਲ ਕੇ ਰੱਖਿਆ।

25 ਦਸੰਬਰ: ਪ੍ਰਮੇਸ਼ਵਰ ਦਾ ਧੰਨਵਾਦ ਕਰੀਏ ਜਿਸਨੇ ਆਪਣਾ ਇੱਕਲੌਤਾ ਪੁੱਤਰ ਇਸ ਸੰਸਾਰ ਦੀ ਮੁਕਤੀ ਲਈ ਭੇਜਿਆ।

26 ਦਸੰਬਰ: ਪ੍ਰਮੇਸ਼ਵਰ ਨੇ ਸਾਡੇ ਛਾਪੇਖਾਨੇ ਵਿੱਚ 16 ਭਾਸ਼ਾਵਾਂ ਵਿੱਚ ਛਪੇ ਸੁਸਮਾਚਾਰ ਸਾਹਿਤ ਨੂੰ ਬਰਕਤ ਦੇ ਕੇ ਮਿਸ਼ਨ ਖੇਤਰਾਂ ਵਿੱਚ ਭੇਜਿਆ।

27 ਦਸੰਬਰ: ਉਨ੍ਹਾਂ ਰਹਿਮ ਦਿਲ ਪਿਆਰਿਆਂ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ ਜਿਨ੍ਹਾਂ ਨੇ ਕੋਰੋਨਾ ਪ੍ਰਭਾਵਿਤ ਲੋਕਾਂ ਅਰ ਸਾਡੀਆਂ ਸੇਵਕਾਈਆਂ ਦੀ ਸਹਾਇਤਾ ਕੀਤੀ।

28 ਦਸੰਬਰ: ਉਨ੍ਹਾਂ ਸਭਨਾ ਲੋਕਾਂ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ ਜਿਨ੍ਹਾਂ ਬੀਤੇ ਸਾਲ ਵਿੱਚ ਬੁਲਾਵੇ ਦੀ ਗੂੰਜ ਦੀ ਸਹਾਇਤਾ ਕੀਤੀ।

29 ਦਸੰਬਰ: ਪ੍ਰਮੇਸ਼ਵਰ ਨੇ ਸਾਲ 2020 ਵਿੱਚ ਸਾਡੇ ਸਂ ਸਟੇਟ ਕੋਆਰਡੀਨੇਟਰਾਂ ਨੂੰ ਸਭਾਲ ਕੇ ਰੱਖਿਆ।

30 ਦਸੰਬਰ: ਅਸੀਂ ਬੁਲਾਵੇ ਦੀ ਗੂੰਜ ਸੇਵਕਾਈਆਂ ਅਰ ਸਮੁੱਚੀ ਟੀਮ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

31 ਦਸੰਬਰ: ਪ੍ਰਮੇਸ਼ਵਰ ਨੇ ਸਾਨੂੰ ਸਭਨਾਂ ਨੂੰ ਸਾਲ 2020 ਵਿੱਚ ਸੰਭਾਲ ਕੇ ਰੱਖਿਆ।

01 ਜਨਵਰੀ: ਉਨ੍ਹਾਂ ਲੋਕਾਂ ਲਈ ਪ੍ਰਮੇਸ਼ਵਰ ਦੀ ਵਡਿਆਈ ਕਰੀਏ ਜਿਨ੍ਹਾਂ ਸਾਲ 2020 ਵਿੱਚ ਪ੍ਰਾਰਥਨਾ ਰਾਹੀਂ ਬੁਲਾਵੇ ਦੀ ਗੂੰਜ ਸੇਵਕਾਈਆਂ ਦੀ ਮਦਦ ਕੀਤੀ।

02 ਜਨਵਰੀ: ਅਸੀਂ ਸਾਡੇ ਪ੍ਰਾਰਥਨਾ ਸਹਿਭਾਗੀਆਂ, ਸਬਸਕ੍ਰਿਪਸ਼ਨ ਸਹਿਭਾਗੀਆਂ, ਨਿਹਚਾ ਸਹਿਭਾਗੀਆਂ, ਜੀਵਨ ਸਹਿਭਾਗੀਆਂ ਅਤੇ ਮਹਾਂ-ਆਦੇਸ਼ ਸਹਿਭਾਗੀਆਂ ਅਰ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

03 ਜਨਵਰੀ: ਸਾਡਾ ਪ੍ਰਭੂ ਸਾਡੇ ਮੁੱਖ ਪਾਸਬਾਨ ਐੱਸ.ਸੈਮ ਸੇਲਵਾ ਰਾਜ ਅਰ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖ ਰਿਹਾ ਹੈ।

## ਪ੍ਰਾਰਥਨਾ ਦੇ ਮੁੱਦੇ

04 ਜਨਵਰੀ: ਪ੍ਰਮੇਸ਼ਵਰ ਇਸ ਮਹੀਨੇ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਸਭ ਆਰਥਿਕ ਲੋੜਾਂ ਨੂੰ ਪੂਰਾ ਕਰੇ।

05 ਜਨਵਰੀ: ਪ੍ਰਮੇਸ਼ਵਰ, ਸਾਡੇ ਮੁੱਖ ਚਰਚ, ਬਾਈਬਲ ਕਾਲਜਾਂ, ਪ੍ਰੈੱਸ ਪਬਲਿਕੇਸ਼ਨਾਂ, ਦਫ਼ਤਰ ਅਰ ਸਭ ਕਰਮਚਾਰੀਆਂ ਉੱਤੇ ਸਾਲ 2021 ਵਿੱਚ ਨਵੇਂ ਮਸਹ ਨੂੰ ਭੇਜੇ।

06 ਜਨਵਰੀ: ਅਸੀਨ ਸਾਡੇ ਅੰਗ੍ਰਜ਼ੀ ਸਹਾਇਕ ਸੰਪਾਦਕ ਬ੍ਰ. ਐੱਮ ਪੌਲਰਾਜ ਦੀ ਪੂਰੀ ਚੰਗਾਈ ਲਈ ਪ੍ਰਾਰਥਨਾ ਕਰੀਏ।

07 ਜਨਵਰੀ: ਕੋਵਿਡ-19 ਦੌਰਾਨ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਸਭ ਗਤੀਵਿਧੀਆਂ ਲਈ ਪ੍ਰਾਰਥਨਾ ਕਰੀਏ।

08 ਜਨਵਰੀ: ਸੰਸਾਰ ਵਿੱਚੋਂ ਕੋਰੋਨਾ ਵਾਇਰਸ ਦੇ ਖਾਤਮੇ ਲਈ ਪ੍ਰਾਰਥਨਾ ਕਰੀਏ।

09 ਜਨਵਰੀ: ਪ੍ਰਮੇਸ਼ਵਰ ਸਾਡੀ ਮਦਦ ਕਰੇ ਕਿ ਅਸੀਂ ਸਾਡੇ ਸਹਾਇਕ ਸੰਪਾਦਕ ਬ੍ਰ. ਐੱਮ. ਪੌਲਰਾਜ ਵੱਲੋਂ ਲਿਖੀ ਕਿਤਾਬ "ਕਿੰਗਡਮ ਆੱਫ਼ ਗੌਡ" ਨੂੰ ਛੇਤੀ ਹੀ ਤਾਮਿਲ ਵਿੱਚ ਵੀ ਪ੍ਰਕਾਸ਼ਿਤ ਕਰੀਏ।

10 ਜਨਵਰੀ: ਪ੍ਰਮੇਸ਼ਵਰ ਸਮੁੱਚੇ ਸੰਸਾਰ ਦੀਆਂ ਕਲੀਸਿਆਵਾਂ ਵਿੱਚ ਏਕਤਾ ਭੇਜੇ।

11 ਜਨਵਰੀ: ਉਨ੍ਹਾਂ ਲੋਕਾਂ ਲਈ ਦੁਆ ਕਰੀਏ ਜਿਨ੍ਹਾਂ ਨੇ ਕੋਰੋਨਾ ਦੇ ਕਾਰਨ ਆਪਣੇ ਅਜੀਜ਼ਾਂ ਅਰ ਸੰਪਤੀ ਨੂੰ ਗੁਆਇਆ ਹੈ।

12 ਜਨਵਰੀ: ਸਮੁੱਚੇ ਸੰਸਾਰ ਦੀ ਸ਼ਾਂਤੀ ਲਈ ਪ੍ਰਾਰਥਨਾ ਕਰੀਏ।

13 ਜਨਵਰੀ: ਜੇਲਾਂ ਵਿੱਚ ਸੇਵਕਾਈ ਕਰਨ ਵਾਲੇ ਪ੍ਰਮੇਸ਼ਵਰ ਦੇ ਸੇਵਕਾਂ ਲਈ ਪ੍ਰਾਰਥਨਾ ਕਰੀਏ।

14 ਜਨਵਰੀ: ਅਸੀਂ ਸਾਡੇ ਬਾਈਬਲ ਪੱਤਰ ਵਿਹਾਰ ਅਤੇ ਥਿਆਲੋਜੀਕਲ ਪੱਤਰ ਵਿਹਾਰ ਕੋਰਸਾਂ ਅਰ ਬਾਈਬਲ ਕਾਲਜਾਂ ਦੇ ਵਿਸਤਾਰ ਲਈ ਪ੍ਰਾਰਥਨਾ ਕਰੀਏ।

15 ਜਨਵਰੀ: ਪ੍ਰਮੇਸ਼ਵਰ ਇਸ ਸਾਲ ਵਿੱਚ ਸਾਡੇ ਮੁੱਖ ਪਾਸਟਰ ਦੀਆਂ ਯੋਜਨਾਵਾਂ ਅਰ ਦਰਸ਼ਨਾਂ ਨੂੰ ਪੂਰਾ ਕਰੇ।

16 ਜਨਵਰੀ: ਅਸੀਂ ਉੱਤਰ ਭਾਰਤ ਦੇ ਮਿਸ਼ਨਰੀਆਂ ਦੀ ਸੁਰੱਖਿਆ ਅਰ ਅਗਵਾਈ ਲਈ ਪ੍ਰਾਰਥਨਾ ਕਰੀਏ।

17 ਜਨਵਰੀ: ਪ੍ਰਮੇਸ਼ਵਰ ਸਾਡੇ ਸਹਾਇਕ ਸੰਪਾਦਕਾਂ ਅਰ ਉਨ੍ਹਾਂ ਦੇ ਪਰਿਵਾਰਾਂ ਨੂੰ ਬਰਕਤ ਦੇਵੇ।

18 ਜਨਵਰੀ: ਪ੍ਰਮੇਸ਼ਵਰ ਸਾਡੇ ਮੁੱਖ ਪਾਸਟਰ ਅੱਸ. ਸੈਮ ਸੇਲਵਾ ਰਾਜ ਅਰ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖੇ।

(ਚਲਦਾ ਸਫਾ 4 ਤੋਂ)

ਹਾਲ ਲਈ ਮੂਸਾ ਅਰ ਹਾਰੂਨ ਉੱਤੇ ਦੋਸ਼ ਲਗਾ ਰਹੇ ਸਨ। ਮੂਸਾ ਕੋਲ ਵੀ ਕੋਈ ਹੱਲ ਨਹੀਂ ਸੀ। ਪਰੰਤੂ ਉਹ ਜਾਣਦਾ ਸੀ ਕਿ ਪ੍ਰਮੇਸ਼ਵਰ ਆਪਣੇ ਲੋਕਾਂ ਨੂੰ ਬਚਾਉਣ ਲਈ ਕੋਈ ਅਚਰਜ ਵਿਖਾਲੇਗਾ।

ਮੂਸਾ ਨੇ ਲੋਕਾਂ ਨੂੰ ਕਿਹਾ, "ਨਾ ਡਰੋ! ਖੜੇ ਰਹੋ ਅਤੇ ਯਹੋਵਾਹ ਦੇ ਬਚਾਓ ਨੂੰ ਵੇਖੋ ਜਿਹੜਾ ਉਹ ਅੱਜ ਦੇ ਦਿਨ ਤੁਹਾਡੇ ਲਈ ਕਰੇਗਾ ਕਿਉਂਕਿ ਜਿਹੜੇ ਮਿਸਰੀ ਤੁਸੀਂ ਅੱਜ ਵੇਖਦੇ ਹੋ ਫੇਰ ਸਦਾ ਤੀਕ ਕਦੇ ਨਾ ਵੇਖੋਗੇ। ਯਹੋਵਾਹ ਤੁਹਾਡੇ ਲਈ ਜੰਗ ਲੜੇਗਾ ਪਰ ਤੁਸਾਂ ਚੁੱਪ ਹੀ ਰਹਿਣਾ" (ਕੂਚ 14:13,14)।

ਪ੍ਰਮੇਸ਼ਵਰ ਨੇ ਮੂਸਾ ਨੂੰ ਆਖਿਆ ਕਿ ਉਹ ਆਪਣਾ ਹੱਥ ਵਧਾਵੇ ਅਤੇ ਲਾਠੀ ਨੂੰ ਸਮੁੰਦਰ ਉੱਤੇ ਲਗਾ ਕੇ ਉਸਨੂੰ ਦੋ ਭਾਗਾਂ ਵਿੱਚ ਵੰਡ ਦਵੇ ਤਾਂ ਕਿ ਇਸਰਾਏਲੀ ਸਮੁੰਦਰ ਵਿੱਚੋਂ ਸੁੱਕੀ ਜ਼ਮੀਨ ਉੱਤੇ ਨਿਕਲ ਜਾਣ। ਚਮਤਕਾਰ ਹੋਇਆ! ਪ੍ਰਮੇਸ਼ਵਰ ਨੇ ਲਾਲ ਸਮੁੰਦਰ ਵਿੱਚ ਰਾਹ ਬਣਾ ਦਿੱਤਾ ਅਤੇ ਇਸਰਾਏਲੀ ਸੁੱਕੀ ਜ਼ਮੀਨ ਉੱਤੇ ਪਾਰ ਲੰਘ ਗਏ। ਮਿਸਰੀਆਂ ਨੇ ਵੀ ਉਨ੍ਹਾਂ ਦਾ ਪਿੱਛਾ ਕੀਤਾ ਪਰੰਤੂ ਸਮੁੰਦਰ ਨੇ ਉਨ੍ਹਾਂ ਨੂੰ ਡੋਬ ਦਿੱਤਾ ਅਤੇ ਉਸੇ ਵਿੱਚ ਉਨ੍ਹਾਂ ਦੀ ਕਬਰ ਬਣ ਗਈ। ਪ੍ਰਮੇਸ਼ਵਰ ਨੇ ਵਿਖਾਇਆ ਕਿ ਉਹ ਕੌਣ ਹੈ!

ਇਸਰਾਏਲੀਆਂ ਦਾ ਭੋਜਨ ਜੋ ਉਹ ਮਿਸਰ ਤੋਂ ਨਾਲ ਲਿਆਏ ਸਨ ਖ਼ਤਮ ਹੋ ਗਿਆ ਅਰ ਉਹ ਭੋਜਨ ਦੀ ਮੰਗ ਕਰਨ ਲੱਗੇ।ਪ੍ਰਮੇਸ਼ਵਰ ਨੇ 20 ਲੱਖ ਤੋਂ ਵੀ ਵੱਧ ਲੋਕਾਂ ਨੂੰ 40 ਸਾਲ ਤੱਕ ਅਸਮਾਨ ਤੋਂ ਵਰ੍ਹਾ ਕੇ ਮੰਨਾਂ ਖਵਾਇਆ। ਜਦੋਂ ਉਹ ਪਿਆਸੇ ਸਨ ਤਾਂ ਪ੍ਰਮੇਸ਼ਵਰ ਨੇ ਮੂਸਾ ਨੂੰ ਹੋਰੇਬ ਪਰਬਤ ਨੂੰ ਲਾਠੀ ਮਾਰਨ ਲਈ ਕਿਹਾ, ਚੱਟਾਨ ਵਿੱਚੋਂ ਪਾਣੀ ਨਿਕਲਿਆ ਅਰ ਲੋਕਾਂ ਨੇ ਆਪਣੀ ਪਿਆਸ ਬੁਝਾਈ! ਮੂਸਾ ਨੇ ਉਸ ਥਾਂ ਨੂੰ ਮਰੀਬਾਹ ਆਖਿਆ (ਕੂਚ 17:1-7)।

ਜਦੋਂ ਯਰਦਨ ਨਦੀ ਇਸਰਾਏਲੀਆਂ ਸਾਹਮਣੇ ਇੱਕ ਰੁਕਾਵਟ ਬਣ ਗਈ ਤਾਂ ਯਹੋਸ਼ੁਆ ਨੇ ਲੋਕਾਂ ਨੂੰ ਆਪਣੇ ਆਪ ਨੂੰ ਪਵਿੱਤਰ ਕਰਨ ਲਈ ਕਿਹਾ ਕਿ ਪ੍ਰਮੇਸ਼ਵਰ ਇੱਕ ਚਮਤਕਾਰ ਕਰੇ। ਇਸਰਾਏਲੀਆਂ ਦੀ ਅਗਵਾਈ ਕਰਨ ਵਾਲੇ ਅਤੇ ਵਾਚਾ ਦਾ ਸੰਦੂਕ ਉਠਾਉਣ ਵਾਲੇ ਯਾਜਕਾਂ ਅਰ ਲੇਵੀਆਂ ਦੇ ਪੈਰ ਜਦੋਂ ਯਰਦਨ ਦੇ ਪਾਣੀ ਨਾਲ ਲੱਗੇ ਤਾਂ ਪਾਣੀ ਆਪਣੀ ਜਗ੍ਹਾ ਤੇ ਥੰਮ੍ਹ ਗਿਆ ਅਤੇ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਇਸਰਾਏਲੀ ਅਰ ਉਨ੍ਹਾਂ ਦੇ ਜਾਨਵਰ ਸੁੱਕੀ ਜ਼ਮੀਨ ਉੱਪਰ ਪਾਰ ਨਿਕਲ ਗਏ।

ਪ੍ਰਮੇਸ਼ਵਰ ਨੇ ਆਪਣਾ ਸਮਰੱਥੀ ਹੱਥ ਵਿਖਾ ਕੇ ਇਸਰਾਏਲੀਆਂ ਉੱਤੇ ਖੁਦ ਨੂੰ ਜ਼ਾਹਿਰ ਕੀਤਾ।ਉਸਨੇ ਵਿਖਾਇਆ ਕਿ ਉਹ ਚਮਤਕਾਰ ਕਰਨ ਵਾਲਾ ਪ੍ਰਮੇਸ਼ਵਰ ਹੈ!

"ਪਹਿਲੀਆਂ ਗੱਲਾਂ ਨੂੰ ਚੇਤੇ ਨਾ ਕਰੋ, ਪੁਰਾਣੀਆਂ ਗੱਲਾਂ ਨੂੰ ਨਾ ਸੋਚੋ। ਵੇਖੋ ਮੈਂ ਇੱਕ ਨਵਾਂ ਕੰਮ ਕਰਨ ਵਾਲਾ ਹਾਂ, ਉਹ ਹੁਣੇ ਹੀ ਦਿਸ ਪਵੇਗਾ, ਕੀ ਤੁਸੀਂ ਉਸਤੋਂ ਅਣਜਾਣ ਰਹੋਗੇ? ਮੈਂ ਉਜਾੜ ਵਿੱਚ ਰਾਹ ਬਣਾਵਾਂਗਾ ਅਤੇ ਥਲ ਵਿੱਚ ਨਦੀਆਂ" (ਯਸਾਯਾਹ 43:18,19)।

ਸਮੁੱਚੀ ਸ੍ਰਿਸ਼ਟੀ ਨੂੰ ਰਚਣ ਵਾਲਾ ਸਾਡਾ ਪ੍ਰਮੇਸ਼ਵਰ ਚਮਤਕਾਰ ਕਰਨ ਵਾਲਾ ਪ੍ਰਮੇਸ਼ਵਰ ਹੈ। ਉਸਨੇ ਆਪਣੇ ਆਪ ਨੂੰ ਸਮੂਏਲ, ਰੋਂਦੀ ਹੋਈ ਮਰਿਯਮ ਮਗਦਲੀਨੀ, ਅਰ ਪਤਮੋਸ ਵਿੱਚ ਯੂਹੰਨਾ ਉੱਤੇ ਪਰਗਟ ਕੀਤਾ। ਯਿਰਮਿਯਾਹ ਨਬੀ ਨੂੰ ਪ੍ਰਮੇਸ਼ਵਰ ਵੱਲੋਂ ਉਸਦਾ ਕੰਮ ਕਰਨ ਲਈ ਪ੍ਰਕਾਸ਼ਨ ਮਿਲਿਆ।ਪ੍ਰਮੇਸ਼ਵਰ ਨੇ ਆਪਣੇ ਬਾਰੇ ਕਨਾਨ ਵੱਲ ਜਾਂਦੇ ਇਸਰਾਏਲੀਆਂ ਨੂੰ ਪ੍ਰਕਾਸ਼ਨ ਦਿੱਤਾ। ਪਵਿੱਤਰ ਬਾਈਬਲ:

1. ਪ੍ਰਮੇਸ਼ਵਰ ਦਾ ਪ੍ਰਕਾਸ਼ਨ
2. ਪ੍ਰਮੇਸ਼ਵਰ ਵੱਲੋਂ ਪ੍ਰਕਾਸ਼ਨ
3. ਪ੍ਰਮੇਸ਼ਵਰ ਬਾਰੇ ਪ੍ਰਕਾਸ਼ਨ

ਨਾਲ ਸੰਬੰਧਿਤ ਕਹਾਣੀਆਂ ਨਾਲ ਭਰੀ ਹੋਈ ਹੈ।

ਪਵਿੱਤਰ ਕਨਾਨ ਵੱਲ ਤੁਹਾਡੀ ਇਸ ਯਾਤਰਾ ਵਿੱਚ ਸਰਵਸ਼ਕਤੀਮਾਨ ਪ੍ਰਮੇਸ਼ਵਰ ਖੁਦ ਨੂੰ ਤੁਹਾਡੇ ਉੱਤੇ ਜ਼ਾਹਰ ਕਰੇ!

---

# ਪ੍ਰਮੇਸ਼ਵਰ ਮਨੁੱਖ ਤੋਂ ਕੀ ਮੰਗ ਕਰਦਾ ਹੈ?

ਰੈਵ. ਪੀ. ਵੇਦਨਾਯਾਗਾਮੁਨੀ

"ਹੇ ਆਦਮੀ, ਉਹ ਨੇ ਤੈਨੂੰ ਦੱਸਿਆ ਕਿ ਭਲਾ ਕੀ ਹੈ, ਅਤੇ ਯਹੋਵਾਹ ਤੈਥੋਂ ਹੋਰ ਕੀ ਮੰਗਦਾ, ਪਰ ਇਹ ਕਿ ਤੂੰ ਇਨਸਾਫ਼ ਕਰ, ਦਯਾ ਨਾਲ ਪ੍ਰੇਮ ਰੱਖ ਅਤੇ ਅਧੀਨ ਹੋਕੇ ਆਪਣੇ ਪ੍ਰਮੇਸ਼ਵਰ ਨਾਲ ਚੱਲ" (ਮੀਕਾਹ 6:8)

ਮਨੁੱਖ ਦੀ ਰਚਨਾ ਪ੍ਰਮੇਸ਼ਵਰ ਨਾਲ ਕਰੀਬੀ ਰਿਸ਼ਤਾ ਰੱਖਣ ਲਈ ਹੋਈ। ਰਚਨਾ ਦਾ ਮੁੱਖ ਉਦੇਸ਼ ਇਹੀ ਹੈ। ਅਜਿਹੇ ਰਿਸ਼ਤੇ ਲਈ ਪ੍ਰਮੇਸ਼ਵਰ ਮਨੁੱਖ ਤੋਂ ਕੀ ਮੰਗ ਕਰਦਾ ਹੈ? ਇਹ ਖੋਜ ਸੁਭਾਵਿਕ ਹੀ ਨਹੀਂ ਜ਼ਰੂਰੀ ਵੀ ਹੈ। ਇਸ ਪ੍ਰਸ਼ਨ ਦਾ ਉੱਤਰ, ਪ੍ਰਮੇਸ਼ਵਰ ਦੀ ਮਨੁੱਖ ਲਈ ਇੱਛਾ ਅਰ ਅਜਿਹਾ ਰਿਸ਼ਤਾ ਕਿੰਝ ਰੱਖਿਆ ਜਾਵੇ, ਇਹ ਸਾਰੇ ਜਵਾਬ ਬਾਈਬਲ ਵਿੱਚ ਮਿਲਦੇ ਹਨ। ਬਾਈਬਲ ਦੱਸਦੀ ਹੈ ਕਿ ਪ੍ਰਮੇਸ਼ਵਰ ਮਨੁੱਖ ਤੋਂ ਆਦਰਸ਼ ਅਰ ਅਸਲ ਦੀ ਮੰਗ ਕਰਦਾ ਹੈ।

ਪ੍ਰਮੇਸ਼ਵਰ ਹੀ ਆਦਰਸ਼ ਅਰ ਅਸਲ ਵਿੱਚ ਸੰਪੂਰਨ ਹੈ। ਉਹ ਉਸੇ ਤਰਾਂ ਦਾ ਹੀ ਹੈ ਜਿਸ ਤਰਾਂ ਦਾ ਉਸਨੂੰ ਹੋਣਾ ਚਾਹੀਦਾ ਹੈ। ਪਰੰਤੂ ਮਨੁੱਖ ਵਿੱਚ ਇਹ ਦੋਨੋਂ ਗੱਲਾਂ ਪੂਰੀਆਂ ਨਹੀਂ ਹਨ। ਇੱਕ ਮਨੁੱਖ ਜੋ ਖੁਦ ਨੂੰ ਪਵਿੱਤਰ ਸਮਝਦਾ ਹੈ, ਦੀ ਮੁਲਾਕਾਤ ਜਦੋਂ ਯਿਸੂ ਨਾਲ ਹੁੰਦੀ ਹੈ ਤਾਂ ਉਹ ਇੰਝ ਅੰਗੀਕਾਰ ਕਰਦਾ ਹੈ, "ਹਾਏ, ਮੈਂ ਕਿੰਨਾ ਅਭਾਗਾ ਮਨੁੱਖ ਹਾਂ"। ਮਨੁੱਖੀ ਇਤਿਹਾਸ ਵਿੱਚ ਕੇਵਲ ਯਿਸੂ ਹੀ ਹੈ ਜਿਸਨੇ ਪ੍ਰਮੇਸ਼ਵਰ ਦੀ ਆਦਰਸ਼ ਅਤੇ ਅਸਲ ਦੀ ਮੰਗ ਨੂੰ ਪੂਰਾ ਕੀਤਾ।

ਕਿਉਂਕਿ ਮਨੁੱਖ ਵਿੱਚ ਆਦਰਸ ਅਤੇ ਅਸਲ ਸਹੀ ਮਿਕਦਾਰ ਵਿੱਚ ਨਹੀਂ ਹਨ ਇਸ ਲਈ ਮੈਂ ਆਪਣੀ ਖੋਜ ਦਾ ਉੱਤਰ ਦੋ ਭਾਗਾਂ ਵਿੱਚ ਦੇਣਾ ਚਾਹੁੰਦਾ ਹਾਂ। ਪਹਿਲਾ, ਪ੍ਰਮੇਸ਼ਵਰ ਦੀ ਆਦਰਸ਼ ਮੰਗ; ਦੂਸਰਾ, ਪ੍ਰਮੇਸ਼ਵਰ ਦੀ ਅਸਲ ਮੰਗ।

## ਪ੍ਰਮੇਸ਼ਵਰ ਦੀ ਆਦਰਸ਼ ਮੰਗ

ਬਿਵਸਥਾ ਸਾਰ ਦੀ ਕਿਤਾਬ ਦੱਸਦੀ ਹੈ ਕਿ, ਪ੍ਰਮੇਸ਼ਵਰ ਚਾਹੁੰਦਾ ਹੈ ਕਿ ਮਨੁੱਖ ਉਸਨੂੰ ਪ੍ਰੇਮ ਕਰੇ, ਉਸਦੀ ਸੇਵਾ ਕਰੇ ਅਰ ਉਸਦੀਆਂ ਬਿਧੀਆਂ ਨੂੰ ਪੂਰਾ ਕਰੇ। "ਤੁਸੀਂ ਯਹੋਵਾਹ ਆਪਣੇ ਪ੍ਰਮੇਸ਼ਵਰ ਨੂੰ ਪ੍ਰੇਮ ਕਰੋ ਅਤੇ ਉਸਦੀ ਆਗਿਆ, ਬਿਧੀਆਂ ਅਰ ਕਨੂੰਨਾਂ ਦੀ ਸਦਾ ਲਈ ਪਾਲਣਾ ਕਰੋ" (ਬਿਵਸਥਾ ਸਾਰ 11:1)। ਪੁਰਾਣੇ ਨੇਮ ਦਾ ਮੁੱਖ ਨਬੀ ਮੀਕਾਹ ਆਖਦਾ ਹੈ ਕਿ ਪ੍ਰਮੇਸ਼ਵਰ ਮਨੁੱਖ ਕੋਲੋਂ ਮੰਗਦਾ ਹੈ ਕਿ,"ਤੂੰ ਇਨਸਾਫ਼ ਕਰ, ਦਯਾ ਨਾਲ ਪ੍ਰੇਮ ਰੱਖ ਅਤੇ ਅਧੀਨ ਹੋ ਕੇ ਆਪਣੇ ਪ੍ਰਮੇਸ਼ਵਰ ਨਾਲ ਚੱਲ"

(ਮੀਕਾਹ 6:8)। ਸਾਡੇ ਅਨੁਵਾਦਾਂ ਵਿੱਚ "ਮੰਗਦਾ" ਸ਼ਬਦ ਇਸਤੇਮਾਲ ਕੀਤਾ ਗਿਆ ਹੈ। ਪਰੰਤੂ ਇਬਰਾਨੀ ਭਾਸ਼ਾ ਵਿੱਚ ਇਸ ਸ਼ਬਦ ਦੀ ਗੰਭੀਰਤਾ ਵਿੱਚ ਅੰਤਰ ਹੈ।

ਇਬਰਾਨੀ ਭਾਸ਼ਾ ਵਿੱਚ ਇਸਦਾ ਅਰਥ ਹੈ, "ਪ੍ਰਮੇਸ਼ਵਰ ਇਸਦੀ ਭਾਲ ਕਰਦਾ ਹੈ"। ਦੂਜੇ ਸ਼ਬਦਾਂ ਵਿੱਚ, ਪ੍ਰਮੇਸ਼ਵਰ ਇਸਦੀ ਮੰਗ ਕਰਦਾ ਹੈ। ਪਰੰਤੂ ਮੀਕਾਹ ਇਸ ਉੱਤੇ ਜ਼ਿਆਦਾ ਜ਼ੋਰ ਦਿੰਦਾ ਹੈ: "ਪ੍ਰਮੇਸ਼ਵਰ ਇਸਦੇ ਲਈ ਜ਼ੋਰ ਦਿੰਦਾ ਹੈ"। ਜਦੋਂ ਬਿਵਸਥਾ ਦਿੱਤੀ ਗਈ ਤਾਂ ਸਧਾਰਨ ਸ਼ਬਦਾਂ ਵਿੱਚ ਉਸਦਾ ਅਰਥ ਸੀ, ਪ੍ਰਮੇਸ਼ਵਰ ਇਹ ਚਾਹੁੰਦਾ ਹੈ? ਪਰੰਤੂ ਜਦੋਂ ਬਿਵਸਥਾ ਦੀ ਉਲੰਘਣਾ ਹੋਈ ਤਾਂ ਮੀਕਾਹ ਲਿਖਦਾ ਹੈ ਕਿ ਪ੍ਰਮੇਸ਼ਵਰ ਜ਼ੋਰ ਦਿੰਦਾ ਹੈ ਕਿ, ਮਨੁੱਖ ਉਸਦੇ ਨਾਲ ਚੱਲੇ, ਇਨਸਾਫ਼ ਕਰੇ ਅਰ ਦਯਾ ਨਾਲ ਪ੍ਰੇਮ ਰੱਖੇ।

ਨਵੇਂ ਨੇਮ ਵਿੱਚ ਪ੍ਰਭੂ ਯਿਸੂ ਇੱਕ ਸ਼ਾਸਤਰੀ ਨੂੰ ਉੱਤਰ ਦਿੰਦੇ ਹੋਏ ਦੱਸਦੇ ਹਨ ਕਿ ਪ੍ਰਮੇਸ਼ਵਰ ਕੀ ਮੰਗ ਕਰਦਾ ਹੈ। "ਤੂੰ ਪ੍ਰਭੂ ਆਪਣੇ ਪ੍ਰਮੇਸ਼ਵਰ ਨੂੰ ਆਪਣੇ ਸਾਰੇ ਦਿਲ ਨਾਲ ਆਪਣੇ ਸਾਰੀ ਜਾਨ ਨਾਲ ਅਰ ਆਪਣੀ ਸਾਰੀ ਬੁੱਧ ਨਾਲ ਪ੍ਰੇਮ ਕਰ। ਵੱਡਾ ਅਰ ਪਹਿਲਾ ਹੁਕਮ ਇਹੋ ਹੈ ਅਤੇ ਦੂਆ ਇਹ ਦੇ ਵਾਂਙ ਹੈ ਕਿ ਤੂੰ ਆਪਣੇ ਗਵਾਂਢੀ ਨੂੰ ਆਪਣੇ ਜਿਹਾ ਪਿਆਰ ਕਰ। ਇਨ੍ਹਾਂ ਦੋਨਾਂ ਹੁਕਮਾਂ ਉੱਤੇ ਸਾਰੀ ਤੁਰੇਤ ਅਤੇ ਨਬੀਆਂ ਦੇ ਬਚਨ ਟਿਕੇ ਹੋਏ ਹਨ" (ਮੱਤੀ 22:37-40)। ਜੋ ਕੁਝ ਵੀ ਮੂਸਾ ਅਰ ਮੀਕਾਹ ਨੇ ਆਖਿਆ ਉਸਦਾ ਨਿਚੋੜ ਇਹੀ ਹੈ, "ਤੂੰ ਆਪਣੇ ਪ੍ਰਮੇਸ਼ਵਰ ਨੂੰ ਪ੍ਰੇਮ ਕਰ...ਤੂੰ ਆਪਣੇ ਗਵਾਂਢੀ ਨੂੰ ਆਪਣੇ ਜਿਹਾ ਪ੍ਰੇਮ ਕਰ"।

ਇੱਕ ਹੋਰ ਜਗ੍ਹਾ ਤੇ ਪ੍ਰਭੂ ਯਿਸੂ ਇਸ ਬਾਰੇ ਹੋਰ ਗੱਲ ਕਰਦੇ ਹਨ, "ਸੋ ਜਿਵੇਂ ਤੁਹਾਡਾ ਸੁਰਗੀ ਪਿਤਾ ਸਿੱਧ ਹੈ ਤੁਸੀਂ ਵੀ ਸਿੱਧ ਹੋਵੋ" (ਮੱਤੀ 5:48)। "ਸੰਪੂਰਨ" ਜਾਂ "ਸਿੱਧ" ਦਾ ਕੀ ਅਰਥ ਹੈ? ਇਹ ਪਾਪ ਤੋਂ ਬਿਲਕੁਲ ਉਲਟ ਹੈ। ਨਵੇਂ ਨੇਮ ਵਿੱਚ ਪਾਪ ਦਾ ਅਰਥ ਹੈ "ਟੀਚੇ ਤੋਂ ਭਟਕ ਜਾਣਾ"। ਸੰਪੂਰਨ ਤੋਂ ਭਾਵ ਹੈ, "ਟੀਚੇ ਤੇ ਪਹੁੰਚਣਾ"। ਸੰਪੂਰਨ ਹੋਣ ਦਾ ਅਰਥ ਹੈ, "ਤੁਸੀਂ ਟੀਚੇ ਤੋਂ ਨਾ ਭਟਕੋ, ਪਰੰਤੂ ਉਸਨੂੰ ਹਾਸਲ ਕਰੋ"। ਤੁਹਾਨੂੰ ਓਹੀ ਬਣਨਾ ਹੈ ਜੋ ਪ੍ਰਮੇਸ਼ਵਰ ਚਾਹੁੰਦਾ ਹੈ"।

ਇਨ੍ਹਾਂ ਸ਼ਬਦਾਂ ਦਾ ਕੀ ਭੇਤ ਹੈ? ਪ੍ਰਮੇਸ਼ਵਰ ਹਰ ਮਨੁੱਖ ਤੋਂ ਮੰਗ ਕਰਦਾ ਹੈ ਕਿ ਉਹ ਸਿੱਧ ਬਣੇ ਅਤੇ ਆਦਰਸ਼ ਬਣਨ ਦਾ ਅਨੁਭਵ ਕਰੇ। ਇਹ ਪ੍ਰਮੇਸ਼ਵਰ ਦੀ ਪਹਿਲੀ ਮੰਗ ਹੈ।ਪ੍ਰਮੇਸ਼ਵਰ ਚਾਹੁੰਦਾ ਹੈ ਕਿ ਮੈਂ ਉਹ ਬਣਾਂ ਜੋ ਬਣਨ ਲਈ ਉਸਨੇ ਮੈਨੂੰ ਪੈਦਾ ਕੀਤਾ ਹੈ ਅਤੇ ਉਹ ਹੈ 'ਸੰਪੂਰਨ'।

ਪ੍ਰਮੇਸ਼ਵਰ ਇਹ ਨਹੀਂ ਚਾਹੁੰਦਾ ਕਿ ਅਸੀਂ ਸਵਰਗਦੂਤ ਬਣ ਜਾਈਏ, ਕਿਉਂਕਿ ਉਸਨੇ ਸਾਨੂੰ ਉਹ ਸੁਭਾਅ ਨਹੀਂ ਦਿੱਤਾ। ਉਹ ਆਦਮੀ ਨੂੰ ਆਦਮੀ, ਔਰਤ ਨੂੰ ਔਰਤ ਅਰ ਬੱਚੇ ਨੂੰ ਬੱਚਾ ਹੀ ਵੇਖਣਾ ਚਾਹੁੰਦਾ ਹੈ। ਜੇਕਰ ਬੱਚਾ ਆਪਣਾ ਬੱਚੇ ਵਾਲਾ ਸੁਭਾਅ ਗੁਆ ਲਏ ਤਾਂ ਉਹ ਫਿਰ ਬੱਚਾ ਨਹੀਂ ਰਿਹਾ।ਪ੍ਰਮੇਸ਼ਵਰ ਚਾਹੁੰਦਾ ਹੈ ਕਿ ਉਸਦੀ ਸੰਪੂਰਨ ਸ੍ਰਿਸ਼ਟੀ ਉਸਦੀ ਸਿੱਧ ਇੱਛਾ ਵਿੱਚ ਬਣੀ ਰਹੇ।

ਸੰਪੂਰਨ ਬਣਨ ਦੀ ਲਾਲਸਾ ਹਰ ਮਨੁੱਖ ਅੰਦਰ ਹੁੰਦੀ ਹੈ। ਤੁਹਾਨੂੰ ਅਜਿਹਾ ਕੋਈ ਮਨੁੱਖ ਨਹੀਂ ਮਿਲੇਗਾ ਜਿਸ ਅੰਦਰ ਕਿਸੇ ਨਾ ਕਿਸੇ ਢੰਗ ਨਾਲ ਸੰਪੂਰਨ ਬਣਨ ਦਾ ਜਜ਼ਬਾ ਨਾ ਹੋਵੇ। ਕੇਵਲ ਇੱਕ ਮਸੀਹੀ ਹੀ ਅਜਿਹਾ ਸੋਚਦਾ ਹੈ ਕਿ ਸੰਪੂਰਨ ਬਣਨਾ ਅਸੰਭਵ ਹੈ। ਕੀ ਤੁਸੀਂ ਕਦੇ ਕਿਸੇ ਅਜਿਹੇ ਜਵਾਨ ਲੜਕੇ ਜਾਂ ਲੜਕੀ ਨੂੰ ਮਿਲੇ ਹੋ ਜਿਸਨੇ ਅਜਿਹਾ ਸੁਪਨਾ ਕਦੇ ਨਾ ਵੇਖਿਆ ਹੋਵੇ ਕਿ ਉਹ ਕੀ ਬਣਨਗੇ ਜਾਂ ਕਰਨਗੇ। ਤੁਹਾਨੂੰ ਜ਼ਰੂਰ ਅਜੀਬ ਲੱਗਾ ਹੋਵੇਗਾ ਅਰ ਤੁਸੀਂ ਉਨ੍ਹਾਂ ਨੂੰ ਸਮਝਾਇਆ ਹੋਵੇਗਾ। ਸੰਪੂਰਨ ਬਣਨ ਦਾ ਜਜ਼ਬਾ ਇਸਦਾ ਸੂਚਕ ਹੈ ਕਿ ਇਹ ਸੰਭਵ ਹੈ।ਪ੍ਰਮੇਸ਼ਵਰ ਦੀ ਅਰਥ ਵਿਵਸਥਾ ਵਿੱਚ ਮਨੁੱਖ ਨੂੰ ਉਸਤੋਂ ਘੱਟ ਨਾਲ ਸੰਤੁਸ਼ਟ ਨਹੀਂ ਹੋਣਾ ਚਾਹੀਦਾ ਜੋ ਪ੍ਰਮੇਸ਼ਵਰ ਚਾਹੁੰਦਾ ਹੈ।ਪ੍ਰਮੇਸ਼ਵਰ ਚਾਹੁੰਦਾ ਹੈ ਕਿ ਹਰੇਕ ਮਨੁੱਖ ਉਹ ਬਣੇ। ਉਹ ਚਾਹੁੰਦਾ ਅਰ ਜ਼ੋਰ ਦਿੰਦਾ ਹੈ ਕਿ ਮਨੁੱਖ ਉਸਦੇ ਨਾਲ ਚੱਲੇ, ਇਨਸਾਫ਼ ਕਰੇ ਅਤੇ ਦਯਾ ਨਾਲ ਪ੍ਰੇਮ ਰੱਖੇ; ਆਪਣੇ ਆਪ ਨੂੰ ਪਹਿਚਾਣੇ ਅਤੇ ਖੁਦ ਨਾਲ ਤਾਲਮੇਲ ਰੱਖੇ। ਇਹੀ ਹੈ ਆਦਰਸ਼ ਮੰਗ।

ਜਦੋਂ ਅਸੀਂ ਆਦਰਸ਼ ਮੰਗ ਨੂੰ ਸਮਝਦੇ ਹਾਂ ਤਾਂ ਇਹ ਸਾਨੂੰ ਆਪਣੇ ਪਾਪੀ ਹੋਣ ਦਾ ਅਹਿਸਾਸ ਕਰਾਉਂਦੀ ਹੈ ਕਿਉਂਕਿ ਅਸੀਂ ਜਾਣਦੇ ਹਾਂ ਕਿ ਅਸੀਂ ਸਿੱਧਤਾ ਦੇ ਈਸ਼ਵਰੀ ਪੱਧਰ ਤੋਂ ਬਹੁਤ ਘੱਟ ਹਾਂ। ਹਰੇਕ ਮਨੁੱਖ ਜਦੋਂ ਆਪਣੀ ਆਦਰਸ਼ ਸਥਿਤੀ ਨੂੰ ਜਾਂਚਦਾ ਹੈ ਤਾਂ ਉਹ ਜਾਣ ਜਾਂਦਾ ਹੈ ਕਿ ਉਹ ਕਿੱਥੇ ਨਿਸ਼ਾਨੇ ਤੋਂ ਚੂਕ ਗਿਆ। ਜਦੋਂ ਪਿਲਾਤੁਸ ਨੇ ਯਹੂਦੀ ਫ਼ਰੀਸੀਆਂ ਦੀਆਂ ਅੱਖਾਂ ਵਿੱਚ ਵੇਖ ਕੇ ਕਿਹਾ, "ਮੈਂ ਜੋ ਲਿਖ ਦਿੱਤਾ, ਸੋ ਲਿਖ ਦਿੱਤਾ", ਇਹ ਉਸਦਾ ਇੱਕ ਘਮੰਡੀ ਕਥਨ ਜਾਪਦਾ ਹੈ ਪਰੰਤੂ ਦੂਜੇ ਪਾਸੇ ਇਸ ਕਥਨ ਦਾ ਡੂੰਘਾ ਅਰਥ ਇਹ ਹੈ ਕਿ ਮੈਂ ਜੋ ਕਰ ਦਿੱਤਾ ਹੈ ਕਿਸੇ ਵੀ ਕੀਮਤ ਤੇ ਵਾਪਸ ਨਹੀਂ ਲਿਆ ਜਾ ਸਕਦਾ। ਭੂਤਕਾਲ ਦੀਆਂ ਅਸਫ਼ਲਤਾਵਾਂ ਨੂੰ ਬਦਲਿਆ ਨਹੀਂ ਜਾ ਸਕਦਾ।

ਕੋਈ ਮਨੁੱਖ ਸ਼ਾਇਦ ਆਪਣੇ ਆਪ ਨੂੰ ਨਿਰਦੋਸ਼ ਸਮਝਦਾ ਹੋਵੇ। ਪਰੰਤੂ ਜਦੋਂ ਉਹ ਆਪਣੀ ਤੁਲਨਾ ਸੰਪੂਰਨਤਾ ਦੇ ਉਸ ਨਾਪ ਨਾਲ ਕਰਦਾ ਹੈ ਜਿਸਦੇ ਲਈ ਪ੍ਰਮੇਸ਼ਵਰ ਨੇ ਉਸਨੂੰ ਸਿਰਜਿਆ ਹੈ ਤਾਂ ਉਸਨੂੰ ਆਪਣੇ ਜੀਵਨ ਦੀਆਂ ਤਰੁੱਟੀਆਂ ਨਜ਼ਰ ਆਉਂਦੀਆਂ ਹਨ। ਜਦੋਂ ਤੱਕ ਮਨੁੱਖ ਸੰਪੂਰਨਤਾ ਦੇ ਉਸ ਪੱਧਰ ਨੂੰ ਨਹੀਂ ਸਮਝਦਾ ਜੋ ਪ੍ਰਮੇਸ਼ਵਰ ਨੇ ਉਸਦੇ ਲਈ ਠਹਿਰਾਇਆ ਹੈ ਉਦੋਂ ਤੱਕ ਉਹ ਇਹ ਅੰਗੀਕਾਰ ਨਹੀਂ ਕਰ ਸਕਦਾ, "ਮੈਂ ਪਾਪ ਕੀਤਾ ਹੈ ਜਾਂ ਮੈਂ ਅਸਫ਼ਲ ਹੋਇਆ ਹਾਂ"।

## ਪ੍ਰਮੇਸ਼ਵਰ ਦੀ ਅਸਲ ਮੰਗ

ਪ੍ਰਮੇਸ਼ਵਰ ਮੇਰੇ ਪਾਪੀ ਕੋਲੋਂ ਕੀ ਮੰਗ ਕਰਦਾ ਹੈ? ਪ੍ਰਮੇਸ਼ਵਰ ਨੇ ਆਪਣੇ ਬਲੀਦਾਨ ਅਤੇ ਪੁਨਰ-ਉੱਥਾਨ ਦੀ ਜਿੱਤ ਰਾਹੀਂ ਪਾਪਾਂ ਦੀ ਮਾਫ਼ੀ ਸਾਨੂੰ ਦਿੱਤੀ ਹੈ। ਇਸਦੀ ਰੌਸ਼ਨੀ ਵਿੱਚ, ਪ੍ਰਮੇਸ਼ਵਰ ਸਾਥੋਂ ਕੀ ਚਾਹੁੰਦਾ ਹੈ? ਮਸੀਹ ਨੇ ਉਸ ਸਮੇਂ ਦੇ ਸਨਕੀ ਲੋਕਾਂ ਨੂੰ ਉੱਤਰ ਵਿੱਚ ਆਖਿਆ, "ਪ੍ਰਮੇਸ਼ਵਰ ਦਾ ਕੰਮ ਇਹ ਹੈ ਕਿ ਤੁਸੀਂ ਉਸਦੇ ਭੇਜੇ ਹੋਏ ਉੱਤੇ ਨਿਹਚਾ ਕਰੋ" (ਯੂਹੰਨਾ 6:9)। ਕਈ ਲੋਕ ਕਹਿੰਦੇ ਹਨ ਕਿ ਉਹ ਕੰਮਾਂ ਦੁਆਰਾ ਬਚਾਏ ਜਾਣਗੇ। ਕਈ ਕਹਿੰਦੇ ਹਨ ਕਿ ਕੇਵਲ ਨਿਹਚਾ ਹੀ ਕਾਫ਼ੀ ਹੈ। ਮਸੀਹ ਆਖਦਾ ਹੈ,"ਪ੍ਰਮੇਸ਼ਵਰ ਦਾ ਕੰਮ ਇਹ ਹੈ ਕਿ ਤੁਸੀਂ ਉਸਦੇ ਭੇਜੇ ਹੋਏ ਉੱਤੇ ਨਿਹਚਾ ਕਰੋ"। ਕੌਣ ਸਹੀ ਹੈ, ਉਹ ਜਾਂ ਮਸੀਹ? ਨਿਸ਼ਚੇ ਹੀ ਮਸੀਹ ਸਹੀ ਹੈ। ਯਿਸੂ ਦੇ ਆਖਣ ਦਾ ਅਰਥ ਇਹ ਸੀ ਕਿ ਉਹ ਕੇਵਲ ਇੱਕ ਰਾਜਾ ਹੀ ਨਹੀਂ ਬਲਕਿ ਮੁਕਤੀਦਾਤਾ ਵੀ ਹੈ। ਉਨ੍ਹਾਂ ਦੀ ਅਸਫ਼ਲਤਾ ਅਤੇ ਪਾਪ ਨੂੰ ਜਾਣਦੇ ਹੋਏ ਯਿਸੂ ਨੇ ਆਖਿਆ, ਜੇਕਰ ਉਹ ਉਸ ਉੱਤੇ ਨਿਹਚਾ ਕਰਨਗੇ ਤਾਂ ਪ੍ਰਮੇਸ਼ਵਰ ਦੇ ਕੰਮ ਨੂੰ ਕਰਨਗੇ।ਪ੍ਰਮੇਸ਼ਵਰ ਨੇ ਯਿਸੂ ਵਿੱਚ ਉਨ੍ਹਾਂ ਦਾ ਸ਼ੁੱਧੀਕਰਨ, ਨਵਾਂ ਜਨਮ ਅਰ ਤਾਕਤ ਰੱਖੀ ਹੋਈ ਹੈ ਤਾਂ ਕਿ ਉਹ ਪ੍ਰਮੇਸ਼ਵਰ ਦਾ ਕੰਮ ਕਰ ਸਕਣ। ਇਸ ਲਈ ਪਹਿਲੀ ਜ਼ਿੰਮੇਵਾਰੀ ਇਹ ਹੈ ਕਿ ਮਨੁੱਖ ਉਸ ਉੱਤੇ ਨਿਹਚਾ ਕਰੇ।

ਉਸ ਉੱਤੇ ਨਿਹਚਾ ਕਰਨ ਤੋਂ ਭਾਵ ਹੈ ਉਸਦੀ ਸੁਣਨਾ, ਅਰ ਉਸਨੂੰ ਸੱਤ ਮੰਨ ਕੇ ਉਸ ਅਨੁਸਾਰ ਕਰਨਾ।ਪ੍ਰਮੇਸ਼ਵਰ ਪਾਪੀ ਅਰ ਅਸਫ਼ਲ ਮਨੁੱਖ ਤੋਂ ਇਹੀ ਚਾਹੁੰਦਾ ਹੈ।ਪ੍ਰਮੇਸ਼ਵਰ ਮੰਗ ਕਰਦਾ ਹੈ ਕਿ ਅਸੀਂ ਉਸਦੇ ਭੇਜੇ ਹੋਏ ਉੱਤੇ ਨਿਹਚਾ ਕਰੀਏ ਅਰ ਉਸੇ ਅੱਗੇ ਨਤਮਸਤਕ ਰਹੀਏ।

ਇਨ੍ਹਾਂ ਸ਼ਬਦਾਂ ਦਾ ਭੇਤ ਇਹ ਹੈ ਕਿ ਮਨੁੱਖ ਦੇ ਨਵ-ਨਿਰਮਾਣ ਲਈ ਜੋ ਕੁਝ ਵੀ ਲੋੜੀਂਦਾ ਹੈ ਉਹ ਯਿਸੂ ਮਸੀਹ ਵਿੱਚ ਹੀ ਹੈ।ਪ੍ਰਮੇਸ਼ਵਰ ਮਨੁੱਖ ਤੋਂ ਇਹ ਮੰਗ ਕਰਦਾ ਹੈ ਕਿ ਜੋ ਉਸਨੇ ਮਨੁੱਖ ਲਈ ਮੁਹੱਈਆ ਕੀਤਾ ਹੈ ਮਨੁੱਖ ਉਸਨੂੰ ਗ੍ਰਹਿਣ ਕਰੇ। "ਉਹ ਆਪਣੇ ਘਰ

ਆਇਆ ਅਰ ਉਸਦੇ ਆਪਣਿਆਂ ਨੇ ਉਸਨੂੰ ਕਬੂਲ ਨਾ ਕੀਤਾ। ਪਰ ਜਿੰਨਿਆਂ ਨੇ ਉਸਨੂੰ ਕਬੂਲ ਕੀਤਾ ਉਸਨੇ ਉਨ੍ਹਾਂ ਨੂੰ ਪ੍ਰਮੇਸ਼ਵਰ ਦੇ ਪੁੱਤਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸਦੇ ਨਾਮ ਉੱਤੇ ਨਿਹਚਾ ਕੀਤੀ। ਉਹ ਨਾ ਲਹੂ ਤੋਂ, ਨਾ ਸਰੀਰ ਦੀ ਇੱਛਿਆ ਤੋਂ, ਨਾ ਪੁਰਖ ਦੀ ਇੱਛਿਆ ਤੋਂ ਪਰ ਪ੍ਰਮੇਸ਼ਵਰ ਤੋਂ ਪੈਦਾ ਹੋਏ ਹਨ" (ਯੂਹੰਨਾ 1:11-13)।

ਇਨ੍ਹਾਂ ਆਇਤਾਂ ਵਿੱਚ ਯੂਹੰਨਾ ਦੋ ਸ਼ਬਦਾਂ, 'ਕਬੂਲ' ਅਰ 'ਨਿਹਚਾ' ਦਾ ਪ੍ਰਯੋਗ ਕਰਦਾ ਹੈ, ਅਰ ਦਰਸਾਉਂਦਾ ਹੈ ਕਿ ਇਹ ਦੋਵੇਂ ਸਮਾਨਾਰਥੀ ਹਨ। ਜੋ ਉਸਨੂੰ ਕਬੂਲ ਕਰਦੇ ਹਨ ਓਹੀ ਉਸ ਉੱਤੇ ਨਿਹਚਾ ਕਰਦੇ ਹਨ। ਯਿਸੂ ਉੱਤੇ ਨਿਹਚਾ ਕਰਨਾ ਉਸਨੂੰ ਗ੍ਰਹਿਣ ਕਰਨਾ ਹੈ।

ਉਸਨੇ ਮਸੀਹ ਵਿੱਚ ਮੇਰੇ ਲਈ ਪਾਪਾਂ ਦੀ ਮਾਫ਼ੀ ਅਤੇ ਅੱਗੋਂ ਪਾਪ ਨਾ ਕਰਨ ਦੀ ਸਮਰੱਥ ਰੱਖੀ ਹੋਈ ਹੈ। ਹੁਣ ਉਹ ਮੈਥੋਂ ਕੀ ਮੰਗ ਕਰਦਾ ਹੈ? ਉਹ ਮੰਗ ਕਰਦਾ ਹੈ ਕਿ ਮੈਂ ਉਸਦੇ ਮੁਹੱਈਆ ਕੀਤੇ ਨੂੰ ਗ੍ਰਹਿਣ ਕਰਾਂ, ਉਸਨੂੰ ਆਪਣਾ ਬਾਦਸ਼ਾਹ ਕਬੂਲ ਕਰਾਂ, ਉਸ ਮੁਕਤੀਦਾਤੇ ਉੱਤੇ ਨਿਹਚਾ ਕਰਾਂ ਅਤੇ ਉਸ ਅਨੰਤ ਜੀਵਨ ਨੂੰ ਹਾਸਲ ਕਰਾਂ ਜੋ ਮੇਰੇ ਸਾਹਮਣੇ ਹੈ। ਇੱਕ ਪਾਪੀ ਮਨੁੱਖ ਕੋਲੋਂ ਇਹ ਪਹਿਲੀ ਮੰਗ ਹੈ। ਪ੍ਰਮੇਸ਼ਵਰ ਨੇ ਇੱਕੋ ਸਭ ਕੁਝ ਕਰਨ ਵਾਲਾ. ਸਰਵਸ਼ਕਤੀਮਾਨ ਮੁਕਤੀਦਾਤਾ ਦੇ ਦਿੱਤਾ, ਅਰ ਉਹ ਸਭ ਮਨੁੱਖਾਂ ਤੋਂ ਇਹ ਮੰਗ ਕਰਦਾ ਹੈ ਕਿ ਉਹ ਤੌਬਾ ਕਰਨ ਅਰ ਉਸਦੇ ਭੇਜੇ ਹੋਏ ਪੁੱਤਰ ਉੱਤੇ ਨਿਹਚਾ ਕਰਨ।

ਅਸਲ ਮੰਗ ਇਹ ਹੈ ਕਿ ਅਸੀਂ ਅਸਲ ਮੰਗ ਨੂੰ ਸਮਝ ਲਈਏ।ਪ੍ਰਮੇਸ਼ਵਰ ਸਦਾ ਹੀ ਇਹ ਅਸਲ ਮੰਗ ਸਾਡੇ ਕੋਲੋਂ ਕਰਦਾ ਰਿਹਾ ਹੈ। ਉਸ ਸੰਪੂਰਨਾ ਤੋਂ ਘੱਟ ਕਿਸੇ ਚੀਜ਼ ਦੀ ਮੰਗ ਸਾਥੋਂ ਨਹੀਂ ਕਰਦਾ।ਪ੍ਰਮੇਸ਼ਵਰ ਨੇ ਦੁੱਖ ਇਸ ਕਰਕੇ ਨਹੀਂ ਉਠਾਇਆ ਕਿ ਉਹ ਕਿਸੇ ਨੂੰ ਵੀ ਬਗੈਰ ਸੰਪੂਰਨਤਾ ਤੋਂ ਸਵਰਗ ਵਿੱਚ ਦਾਖ਼ਲਾ ਦੇ ਦੇਵੇ। ਇਹ ਪ੍ਰਮੇਸ਼ਵਰ ਦੀ ਈਸ਼ਵਰੀ ਯੋਜਨਾ ਹੈ ਕਿ ਕਿ ਮਨੁੱਖ ਯਿਸੂ ਮਸੀਹ ਉੱਪਰ ਨਿਹਚਾ ਕਰਨ ਦੇ ਰਾਹੀਂ ਸਿੱਧਤਾ ਨੂੰ ਹਾਸਲ ਕਰੇ।

ਯਹੂਦਾਹ 1:24 "ਹੁਣ ਜਿਹੜਾ ਸਮਰੱਥ ਹੈ ਜਿਹੜਾ ਤੁਹਾਨੂੰ ਠੇਡੇ ਖਾਣ ਤੋਂ ਬਚਾ ਸਕਦਾ ਹੈ ਅਤੇ ਤੁਹਾਨੂੰ ਆਪਣੀ ਮਹਿਮਾ ਦੇ ਸਨਮੁੱਖ ਅਨੰਦ ਸਹਿਤ ਨਿਰਮਲ ਖੜਾ ਕਰ ਸਕਦਾ ਹੈ" ਸਾਨੂੰ ਦੱਸਦੀ ਹੈ ਕਿ ਸਾਡਾ ਪ੍ਰਭੂ ਸੰਪੂਰਨਤਾ ਤੋਂ ਘੱਟ ਕੁਝ ਵੀ ਸਵੀਕਾਰ ਨਹੀਂ ਕਰਦਾ। ਜਦੋਂ ਅਸੀਂ ਪੂਰੇ ਤੌਰ ਤੇ ਆਪਣੇ ਮੁਕਤੀਦਾਤਾ ਅੱਗੇ ਸਮਰਪਣ ਕਰ ਦਿੰਦੇ ਹਾਂ ਤਾਂ ਉਹ ਸਭ ਗਲਤ ਨੂੰ, ਘਟੀਆਂ ਨੂੰ ਅਰ ਅਸਫ਼ਲਤਾਵਾਂ ਨੂੰ ਸਹੀ ਕਰ ਦਿੰਦਾ ਹੈ ਜਿਸ ਰਾਹੀਂ ਅਸੀ ਸੰਪੂਰਨ ਬਣ ਸਕਦੇ ਹਾਂ।

ਹਾਲਾਂਕਿ, ਮਸੀਹ ਅੱਗੇ ਸਮਰਪਣ ਅਰ ਆਦਰਸ਼ ਮੰਗ ਦੀ ਸਮਝ ਅਚਨਚੇਤ ਨਹੀਂ ਆਉਂਦੀ। ਤਰਸੁਸ ਦੇ ਸ਼ਾਊਲ ਨੂੰ ਪਿਆਰ ਅਰ ਜੀਵਨ ਦੇ ਪ੍ਰਭੂ ਦੁਆਰਾ ਦਮਿਸ਼ਕ ਦਾ ਰਾਹ ਉੱਤੇ ਡੇਗਿਆ ਗਿਆ। 30 ਸਾਲ ਤੱਕ ਇੱਕ ਈਸ਼ਵਰੀ ਜੀਵਨ ਜੀਣ ਵਾਲਾ ਅਰ ਪ੍ਰਭੂ ਲਈ ਵੱਡੀਆਂ ਉਪਲੱਬਦੀਆਂ ਕਰਨ ਵਾਲਾ ਪੌਲੁਸ ਫ਼ਿਲਿੱਪੀਆਂ ਨੂੰ ਲਿਖਦਾ ਹੈ, "ਇਹ ਨਹੀਂ ਜੋ ਮੈਨੂੰ ਅਜੇ ਲੱਭ ਪਿਆ ਅਥਵਾ ਮੈਂ ਅਜੇ ਸਿੱਧ ਹੋ ਗਿਆ ਪਰ ਮੈਂ ਮਗਰ ਲੱਗਿਆ ਜਾਂਦਾ ਹਾਂ ਭਈ ਮੈਂ ਕਿਵੇਂ ਉਸ ਗੱਲ ਨੂੰ ਹੱਥ ਪਾ ਲਵਾਂ ਜਿਸਦੇ ਲਈ ਮਸੀਹ ਨੇ ਮੈਨੂੰ ਹੱਥ ਪਾਇਆ ਸੀ" (ਫ਼ਿਲਿੱਪੀਆਂ 3:12)। ਤੀਹ ਵਰ੍ਹੇ ਦਾ ਮਸੀਹੀ ਅਨੁਭਵ, ਉਪਲੱਬਦੀਆਂ, ਅੱਗ, ਨੰਗਾਪਨ, ਕਸ਼ਟ, ਤਲਵਾਰ ਆਦਿ ਵਿੱਚੋਂ ਲੰਘ ਕੇ ਵੀ ਅਜੇ ਵੀ ਸਿੱਧ ਅਰ ਸੰਪੂਰਨ ਨਹੀਂ ਬਣਿਆ।

ਮੇਰੇ ਪਿਆਰੇ ਭਰਾਵੋ ਤੇ ਭੈਣੋ, ਚੇਤੇ ਰੱਖੋ, ਕਿ ਇਸ ਸੰਪੂਰਨ ਆਦਰਸ਼ ਦੀ ਸਮਝ ਇੱਕੋ ਦਮ ਨਹੀਂ ਆਉਂਦੀ। ਪਰੰਤੂ ਸਮਝ ਦੇਣ ਵਾਲੀ ਸੰਪੂਰਨ ਤਾਕਤ ਜ਼ਰੂਰ ਇੱਕੋ ਦਮ ਮਿਲ ਜਾਂਦੀ ਹੈ। ਜੇਕਰ ਪੌਲੁਸ ਆਖਦਾ ਹੈ ਕਿ ਮੈਨੂੰ ਅਜੇ ਨਹੀਂ ਲੱਭਾ ਤਾਂ ਉਸੇ ਪੱਤਰੀ ਵਿੱਚ ਹੀ ਉਹ ਆਖਦਾ ਹੈ,"ਮੇਰੇ ਲਈ ਜੀਣਾ ਮਸੀਹ ਹੈ" ਜਿਵੇਂ ਵਚਨ ਵਿੱਚ ਲਿਆ ਹੈ, ਉਸ ਕੋਲ ਸੱਭੇ ਤਾਕਤਾਂ ਸਨ "ਐਨਾ ਹੈ ਜੋ ਪਿਛਲੀਆਂ ਗੱਲਾਂ ਨੂੰ ਭੁਲਾ ਕੇ ਅਤੇ ਉਨ੍ਹਾਂ ਗੱਲਾਂ ਲਈ ਜਿਹੜੀਆਂ ਅੱਗੇ ਹਨ ਅਗਾਂਹ ਵਧ ਕੇ ਨਿਸ਼ਾਨੇ ਵੱਲ ਦੱਬੀ ਜਾਂਦਾ ਹਾਂ" (ਫ਼ਿਲਿੱਪੀਆਂ 3:13-14)। ਉਹ ਇਹ ਆਖਣਾ ਚਾਹੁੰਦਾ ਹੈ ਕਿ, ਸਾਰੀ ਅਣਖ, ਜਜ਼ਬਾ ਅਤੇ ਇਮਾਨਦਾਰੀ ਜਿਹੜੀ ਮੈਂ ਕਲੀਸਿਆ ਦੇ ਸਤਾਓ ਲਈ ਇਸਤੇਮਾਲ ਕੀਤੀ ਸੀ ਹੁਣ ਉਸ ਨਿਸ਼ਾਨੇ ਨੂੰ ਹਾਸਲ ਕਰਨ ਲਈ ਅਰ ਉਹ ਬਣਨ ਲਈ ਜੋ ਮਸੀਹ ਮੈਨੂੰ ਬਣਾਉਣਾ ਚਾਹੁੰਦਾ ਹੈ ਮੈਂ ਇਸਤੇਮਾਲ ਕਰਦਾ ਹਾਂ।

ਸ਼ਾਇਦ ਤੁਹਾਡੇ ਵਿੱਚੋਂ ਕਈ ਜੋ ਇਸ ਸੰਦੇਸ਼ ਨੂੰ ਪੜ੍ਹ ਰਹੇ ਹਨ ਮੇਰੇ ਪੈਦਾ ਹੋਣ ਤੋਂ ਵੀ ਪਹਿਲਾਂ ਤੋਂ ਮਸੀਹੀ ਹੋ। ਸ਼ਾਇਦ ਤੁਹਾਡੇ ਵਿੱਚ ਕਈ ਪ੍ਰਭੂ ਅੱਗੇ ਮੇਰੇ ਤੋਂ ਵੀ ਵੱਧ ਇਮਾਨਦਾਰ ਹੋਵੋਗੇ। ਪਰੰਤੂ ਤੁਸੀਂ ਵੀ ਇਹੋ ਆਖੋਗੇ ਕਿ, ਹਾਲੇ ਹਾਸਲ ਨਹੀਂ ਕੀਤਾ ਅਰ ਹਾਲੇ ਸਿੱਧ ਨਹੀਂ ਬਣੇ। ਮੈਂ ਉਨ੍ਹਾਂ ਭਰਾਵਾਂ ਤੇ ਭੈਣਾਂ ਨੂੰ ਵੀ ਲਿਖ ਰਿਹਾ ਹਾਂ ਜਿਨ੍ਹਾਂ ਨੇ ਅਜੇ ਮਸੀਹੀ ਜੀਵਨ ਦੀ ਸ਼ੁਰੂਆਤ ਹੀ ਕੀਤੀ ਹੈ। ਸਦਾ ਚੇਤੇ ਰੱਖੋ ਕਿ, ਸਿੱਧ ਬਣਨ ਲਈ ਲੋੜੀਂਦੀ ਸਾਰੀ ਤਾਕਤ ਤੁਹਾਡੇ ਕੋਲ ਹੈ, ਕਿਉਂਕਿ ਮਸੀਹ ਨੂੰ ਗ੍ਰਹਿਣ ਕਰਕੇ ਤੁਸੀਂ ਉਸਦੀ ਸਾਰੀ ਸੰਪੂਰਨਤਾ ਅਰ ਸਾਰੀ ਤਾਕਤ ਨੂੰ ਧਾਰਨ ਕਰ ਲਿਆ ਹੈ ਅਰ ਜਦੋਂ ਉਸਦਾ ਕੰਮ ਪੂਰਾ ਹੋ ਗਿਆ ਤਾਂ ਤੁਸੀਂ ਉਸੇ ਵਾਂਗ, ਬੇਦਾਗ ਪ੍ਰਮੇਸ਼ਵਰ ਦੀ ਮਹਿਮਾ ਦੇ ਸਿੰਘਾਸਨ ਅੱਗੇ ਪੇਸ਼ ਕੀਤੇ ਜਾਓਗੇ। ਇਸ ਤਾਕਤ ਤੋਂ ਬਗੈਰ ਸਿੱਧ ਬਣਨਾ ਅਸੰਭਵ ਹੈ। ਅਰ ਉਸਦੇ ਨਾਲ ਸੰਪੂਰਨਤਾ ਨਿਸ਼ਚਿਤ ਹੈ।

ਸਿੱਧ ਬਣਨ ਲਈ ਨਿਹਚਾ ਸਰਵਪ੍ਰਥਮ ਕਦਮ ਹੈ। ਮਸੀਹ ਉੱਪਰ ਨਿਹਚਾ ਕਰਨਾ ਇੱਕ ਕੰਮ ਨਹੀਂ ਸਗੋਂ ਇੱਕ ਸੁਭਾਅ ਹੈ। ਇਹ ਕਹਿਣ ਦਾ ਕੋਈ ਅਰਥ ਨਹੀਂ ਕਿ ਮੈਂ ਤਾਂ ਮਸੀਹ ਨੂੰ 40 ਸਾਲ ਪਹਿਲਾਂ ਗ੍ਰਹਿਣ ਕੀਤਾ ਹੈ। ਜ਼ਰੂਰੀ ਇਹ ਹੈ ਕਿ ਕੀ ਇਸ ਵੇਲੇ ਤੁਸੀਂ ਉਸ ਉੱਤੇ ਨਿਹਚਾ ਰੱਖਦੇ ਹੋ? ਮੈਂ ਤੁਹਾਡੇ ਪਿਛਲੇ ਅਨੁਭਵ ਨੂੰ ਖਾਰਜ ਨਹੀਂ ਕਰ ਰਿਹਾ। ਨਿਹਚਾ ਇੱਕ ਜੀਵਨ ਜਾਚ ਹੈ, ਅਰ ਜੀਵਨ ਦੀ ਹਰ ਸਫ਼ਲਤਾ ਅਸਫ਼ਲਤਾ ਵਿੱਚ ਕਦੇ ਇਹ ਸਾਥੋਂ ਅਲੱਗ ਨਹੀਂ ਹੋਣੀ ਚਾਹੀਦੀ।

ਇਹੀ ਪ੍ਰਮੇਸ਼ਵਰ ਦੀ ਮੰਗ ਹੈ। ਅਸਲ ਮੰਗ ਦੇ ਵਿੱਚ ਹੀ ਆਦਰਸ਼ ਮੰਗ ਵੀ ਸ਼ਾਮਿਲ ਹੈ। ਜਦੋਂ ਮੈਂ ਪ੍ਰਭੂ ਉੱਤੇ ਨਿਹਚਾ ਕਰਦਾ ਹਾਂ ਤਾਂ ਮੈਂ ਆਪਣੇ ਗਵਾਂਢੀ ਨੂੰ ਵੀ ਆਪਣੇ ਜਿਹਾ ਪ੍ਰੇਮ ਕਰਨਾ ਹੈ। ਸਾਨੂੰ ਪ੍ਰਮੇਸ਼ਵਰ ਲਈ ਪਿਆਰ ਦੇ ਗੀਤ ਗਾਉਣ ਦਾ ਕੋਈ ਹੱਲ ਨਹੀਂ ਜੇਕਰ ਅਸੀਂ ਇਨਸਾਨ ਨਾਲ ਪਿਆਰ ਨਹੀਂ ਵਿਖਾਉਂਦੇ।ਜੇਕਰ ਮੈਂ ਆਪਣੇ ਕਿਸੇ ਭਰਾ ਨੂੰ ਜ਼ਰੂਰਤਮੰਦ ਵੇਖਾਂ ਅਰ ਉਸ ਲਈ ਆਪਣੀ ਦਯਾ ਦੇ ਦਰਵਾਜ਼ੇ ਬੰਦ ਕਰ ਲਵਾਂ ਤਾਂ ਕਿਵੇਂ ਪ੍ਰਮੇਸ਼ਵਰ ਦਾ ਪਿਆਰ ਮੇਰੇ ਅੰਦਰ ਵੱਸ ਸਕਦਾ ਹੈ? "ਤੂੰ ਪ੍ਰਭੂ ਆਪਣੇ ਪ੍ਰਮੇਸ਼ਵਰ ਨੂੰ ਪ੍ਰੇਮ ਕਰ...ਤੂੰ ਆਪਣੇ ਗਵਾਂਢੀ ਨੂੰ ਆਪਣੇ ਜਿਹਾ ਪਿਆਰ ਕਰ"। ਇਸ ਸਤਰ ਤੇ ਪ੍ਰਮੇਸ਼ਵਰ ਸਾਨੂੰ ਲਿਜਾਣਾ ਚਾਹੁੰਦਾ ਹੈ। ਮਸੀਹ ਉੱਪਰ ਸਾਡੀ ਨਿਹਚਾ ਸਾਡੇ ਪਿਆਰ ਰਾਹੀਂ ਪ੍ਰਗਟ ਹੋਵੇਗੀ।

ਆਓ, ਅਸੀਂ ਉਸ ਉੱਪਰ ਨਿਹਚਾ ਰੱਖੀਏ, ਭਰੋਸਾ ਕਰੀਏ ਕਿ ਉਸਨੇ ਸੰਪੂਰਨਤਾ ਹਾਸਲ ਕਰਨ ਲਈ ਸਾਰੀ ਤਾਕਤ ਸਾਨੂੰ ਦਿੱਤੀ ਹੈ ਅਰ ਉਸਦੇ ਚੇਹਰੇ ਵੱਲ ਤੱਕਦੇ ਰਹੀਏ; ਪ੍ਰਮੇਸ਼ਵਰ ਦਾ ਮਸੀਹ ਹੀ ਸਾਨੂੰ ਸਿੱਧ ਬਣਾਵੇਗਾ। ਉਸ ਉੱਪਰ ਨਿਹਚਾ ਕਰਕੇ ਅਸੀਂ ਪ੍ਰਮੇਸ਼ਵਰ ਦੀ ਪਹਿਲੀ ਮੰਗ ਨੂੰ ਪੂਰਾ ਕਰਦੇ ਹਾਂ ਤਾਂ ਕਿ ਅਸੀਂ ਉਸਦੀ ਆਖਰੀ ਮੰਗ ਨੂੰ ਵੀ ਪੂਰਾ ਕਰ ਸਕੀਏ।ਪ੍ਰਮੇਸ਼ਵਰ ਸਾਡੀ ਸਹਾਇਤਾ ਕਰੇ ਕਿ ਅਸੀਂ ਉਸਦੀਆਂ ਮੰਗਾਂ ਨੂੰ ਪੂਰਾ ਕਰ ਸਕੀਏ। ਆਮੀਨ!

---



# ਟੋਏ ਤੋਂ ਮਹੱਲ ਤੱਕ

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜ਼ਿੰਦਗੀ ਦੇ ਅਨੁਭਵ)

**"ਜਿਹੜਾ ਪੜ੍ਹੇ, ਉਹ ਸਮਝੇ"** (ਮੱਤੀ ੨੪:੧੫)

**"ਮੈਂ ਮਸਕੀਨ ਤੇ ਕੰਗਾਲ ਹਾਂ ਤਾਂ ਵੀ ਯਹੋਵਾਹ ਮੇਰੀ ਚਿੰਤਾ ਕਰਦਾ ਹੈ..."**
**(ਜ਼ਬੂਰ 40:17)**

ਲਗਭਗ ਛਿਆਲੀ ਵਰ੍ਹੇ ਪਹਿਲਾਂ, ਚੈਂਨਈ ਵਿੱਚ ਇੱਕ ਮਹਾਨ ਬੇਦਾਰੀ ਸਭਾ ਹੋਈ। ਦੱਖਣੀ ਅਫ਼ਰੀਕਾ ਤੋਂ ਕੁਝ ਮਹਾਨ ਪ੍ਰਚਾਰਕ ਆਏ।ਪ੍ਰਮੇਸ਼ਵਰ ਨੇ ਉਨ੍ਹਾਂ ਰਾਹੀਂ ਵੱਡੇ ਚਮਤਕਾਰ ਕੀਤੇ। ਬਹੁਤ ਸਾਰੇ ਲੋਕਾਂ ਨੇ ਉਹ ਵੱਡੇ ਚਮਤਕਾਰ ਪਹਿਲੀ ਵਾਰ ਵੇਖੇ ਅਰ ਪਹਿਲੀ ਵਾਰ ਸੁਸਮਾਚਾਰ ਸੁਣਿਆ। ਮੈਂ ਇਕ ਵਲੰਟੀਅਰ ਵੱਜੋ ਸੇਵਾ ਕਰ ਰਿਹਾ ਸੀ।

ਆਖ਼ਰੀ ਮੀਟਿੰਗ ਤੋਂ ਬਾਦ ਮਹਿਮਾਨਾਂ ਅਰ ਸੇਵਾ ਕਰਨ ਵਾਲੇ ਸਾਰੇ ਕਰਮਚਾਰੀਆਂ ਦੀ ਛੋਟੀ ਸਭਾ ਹੋਈ। ਅਚਾਨਕ ਅਫ਼ਰੀਕਾ ਤੋਂ ਆਏ ਮੁੱਖ ਮਹਿਮਾਨ ਨੇ ਮੈਨੂੰ ਅੱਗੇ ਬੁਲਾਇਆ, ਮੇਰੇ ਬਾਰੇ ਪੁੱਛਿਆ ਅਰ ਮੇਰੇ ਕੰਮ ਦੀ ਸ਼ਲਾਘਾ ਕੀਤੀ ਜੋ ਮੈਂ, ਬੈਨਰ ਲਗਾਉਣ, ਮਹਿਮਾਨਾਂ ਦਾ ਸਵਾਗਤ ਕਰਨ, ਅਤੇ ਸਭਾਵਾਂ ਵਿੱਚ ਹਿੱਸਾ ਲੈਣ ਵਾਲਿਆਂ ਦੀ ਸਹਾਇਤਾ ਕਰਨ ਦੇ ਰੂਪ ਵਿੱਚ ਕੀਤਾ ਸੀ।

ਉਨ੍ਹਾਂ ਨੇ ਮੈਨੂੰ ਪੁੱਛਿਆ ਕਿ ਮੈਂ ਕਿੱਥੋਂ ਆਉਂਦਾ ਹਾਂ ਉਨਾਂ ਇਹ ਵੀ ਪੁੱਛਿਆ ਕਿ ਕੀ ਮੈਂ ਕੱਲ ਸਵੇਰੇ 4 ਵਜੇ ਉਨ੍ਹਾਂ ਨੂੰ ਹਵਾਈ ਅੱਡੇ ਤੇ ਮਿਲਣ ਆ ਸਕਦਾ ਹਾਂ? ਮੈਂ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਇਹ ਮੇਰੇ ਲਈ ਬਹੁਤ ਜਲਦੀ ਹੋਵੇਗਾ, ਕਿਉਂਕਿ ਮੇਰੇ ਕੋਲ ਇੱਕ ਪੁਰਾਣਾ ਜਿਹਾ ਸਾਈਕਲ ਹੈ ਅਰ ਮੇਰੇ ਘਰ ਤੋਂ ਹਵਾਈ ਅੱਡੇ ਦੀ ਦੂਰੀ 25 ਕਿਲੋਮੀਟਰ ਤੋਂ ਵੀ ਵੱਧ ਹੈ।

ਉਸੇ ਸਮੇਂ ਉਨ੍ਹਾਂ ਨੇ ਇੱਧਰ ਉੱਧਰ ਵੇਖਿਆ ਅਰ ਸ਼ਹਿਰ ਦੇ ਇੱਕ ਮਹਾਨ ਸੁਸਮਾਚਾਰਕ ਨੂੰ ਨਾਂ ਲੈ ਕੇ ਬੁਲਾ ਕੇ ਆਖਿਆ, "ਇਹ ਭਰਾ ਸੈਮ ਸੇਲਵਾ ਰਾਜ ਹੈ। ਮੈਂ ਵੇਖਿਆ ਹੈ ਕਿ ਇਨ੍ਹਾਂ ਨੇ ਬਹੁਤ ਹੀ ਸ਼ਲਾਘਾਯੋਗ ਵਲੰਟੀਅਰ ਵੱਜੋਂ ਕੰਮ ਕੀਤਾ ਹੈ, ਮੈਂ ਇਨ੍ਹਾਂ ਵਿੱਚ ਕੁਝ ਖਾਸ ਵੇਖਦਾ ਹਾਂ। ਭਾਰਤ ਨੂੰ ਛੱਡਣ ਤੋਂ ਪਹਿਲਾਂ ਮੈਂ ਹਵਾਈ ਅੱਡੇ ਉੱਤੇ ਇਨ੍ਹਾਂ ਨਾਲ ਕੁਝ ਸਮਾਂ ਬਿਤਾਉਣਾ ਚਾਹੁੰਦਾ ਹਾਂ। ਕਿਉਂਕਿ ਇਹ ਬਹੁਤ ਗਰੀਬ ਹਨ ਅਰ ਇਨ੍ਹਾਂ ਕੋਲ ਸਵੇਰੇ ਹਵਾਈ ਅੱਡੇ ਤੇ ਆਉਣ ਲਈ ਕੋਈ ਸਾਧਨ ਨਹੀਂ ਹੈ; ਕੀ ਤੁਸੀਂ ਕਿਰਪਾ ਕਰਕੇ ਆਪਣੀ ਕਾਰ ਵਿੱਚ ਸਵੇਰੇ ਇਨ੍ਹਾਂ ਨੂੰ ਨਾਲ ਲਿਆ ਸਕਦੇ ਹੋ, ਜਦੋਂ ਤੁਸੀਂ ਮੈਨੂੰ ਮਿਲਣ ਲਈ ਆਓਗੇ?" ਪਰੰਤੂ ਇਹ ਸੁਸਮਾਚਾਰਕ ਮੇਰੇ ਤੇ ਭੜਕ ਗਏ ਅਰ ਮੁੱਖ ਮਹਿਮਾਨ ਨੂੰ ਬੋਲੇ, "ਇਸ ਆਦਮੀ ਨੂੰ ਬਿਠਾਉਣ ਲਈ ਮੇਰੀ ਕਾਰ ਵਿੱਚ ਜਗ੍ਹਾ ਨਹੀਂ ਹੈ। ਇਸਨੂੰ ਹਵਾਈ ਅੱਡੇ ਤੇ ਬੁਲਾਉਣ ਲਈ ਰਹਿਣ ਦਿਓ"। ਮੁੱਖ ਮਹਿਮਾਨ ਨੇ ਉਸਨੂੰ ਪੁੱਛਿਆ, "ਕੀ ਤੁਹਾਡੇ ਨਾਲ ਹੋਰ ਕੋਈ ਵੀ ਤੁਹਾਡੀ ਕਾਰ ਵਿੱਚ ਹਵਾਈ ਅੱਡੇ ਤੇ ਆ ਰਿਹਾ ਹੈ" ਉਸਨੇ ਉੱਤਰ ਦਿੱਤਾ "ਕੋਈ ਨਹੀਂ ਆ ਰਿਹਾ, ਪਰ ਮੈਂ ਇਸ ਗਰੀਬ ਆਦਮੀ ਨੂੰ ਨਾਲ ਨਹੀਂ ਲਿਆ ਸਕਦਾ"।

ਮੁੱਖ ਮਹਿਮਾਨ ਜੋ ਖੁਦਾ ਦਾ ਸੇਵਕ ਸੀ ਇਸ ਗੱਲ ਨੂੰ ਸੁਣਕੇ ਚੌਂਕ ਗਿਆ...। ਉਸਨੇ ਮੈਨੂੰ ਕੋਲ ਬੁਲਾ ਕੇ ਮੇਰੇ ਸਿਰ ਉੱਤੇ ਹੱਥ ਰੱਖ ਕੇ ਹੰਝੂਆਂ ਨਾਲ ਪ੍ਰਾਰਥਨਾ ਕੀਤੀ ਕਿ ਪ੍ਰਮੇਸ਼ਵਰ ਤੂੰ ਇਸ ਭਰਾ ਨੂੰ ਜਿਸਮਾਨੀ ਬਰਕਤਾਂ ਵੀ ਦੇ। ਉਸਨੇ ਮੈਨੂੰ ਆਖਿਆ, "ਮੇਰੇ ਭਰਾ ਸੈਮ, ਮੈਂ ਜਾਣਦਾ ਹਾਂ ਕਿ ਤੂੰ ਸਰਵਉੱਚ ਪ੍ਰਮੇਸ਼ਵਰ ਦਾ ਬਹੁਤ ਨਿਮਰ ਸੇਵਕ ਹੈ। ਮੈਂ ਤੇਰੇ ਲਈ ਅਰ ਤੇਰੀ ਸੇਵਕਾਈ ਲਈ ਖੁਸ਼ਹਾਲੀ ਦੀ ਘੋਸ਼ਣਾ ਕਰਦਾ ਹਾਂ। ਜਿਸ ਪ੍ਰਮੇਸ਼ਵਰ ਦੀ ਮੈਂ ਸੇਵਾ ਕਰਦਾ ਹਾਂ, ਉਹ ਤੁਹਾਡੇ ਲਈ ਅਰ ਭਾਰਤ ਵਿੱਚ ਤੁਹਾਡੀ ਸੇਵਕਾਈ ਲਈ ਬਹੁਤ ਸਾਰੀਆਂ ਕਾਰਾਂ ਅਰ ਇਮਾਰਤਾਂ ਨੂੰ ਮੁਹੱਈਆ ਕਰੇਗਾ। ਤੁਸੀਂ ਉਸ ਭਰਾ ਲਈ ਆਪਣੇ ਮਨ ਵਿੱਚ ਨਫ਼ਰਤ ਨਹੀਂ ਰੱਖਣੀ ਜਦੋਂ ਉਹ ਕੱਲ ਹਵਾਈ ਅੱਡੇ ਤੇ ਆਵੇਗਾ"।

ਇਸ ਅਨੁਭਵ ਨਾਲ ਮੈਂ ਦੁਖੀ ਨਹੀਂ ਹੋਇਆ ਬਲਕਿ ਮੈਂ ਉਨ੍ਹਾਂ ਮਹਾਨ ਸ਼ਬਦਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕੀਤਾ। ਦਿਨ ਬੀਤੇ। ਪਰੰਤੂ ਪ੍ਰਮੇਸ਼ਵਰ ਵਫ਼ਾਦਾਰ ਸੀ ਅਰ ਉਸਨੇ ਮੈਨੂੰ ਚੇਤੇ ਰੱਖਿਆ।ਪ੍ਰਮੇਸ਼ਵਰ ਨੇ ਮੈਨੂੰ ਗੱਡੀਆਂ ਅਰ ਸਭ ਤਰਾਂ ਦੀਆਂ ਵਸਤਾਂ ਨਾਲ ਬਰਕਤ ਦਿੱਤੀ ਜਿਨ੍ਹਾਂ ਦੀ ਸੇਵਕਾਈ ਵਿੱਚ ਲੋੜ ਸੀ। ਉਸਨੇ ਮੈਨੂੰ ਅਰ ਮੇਰੇ ਸਹਿਕਰਮੀਆਂ ਨੂੰ ਇਸ ਯੋਗ ਬਣਾਇਆ ਕਿ ਅਸੀਂ ਉਸੇ ਹਵਾਈ ਅੱਡੇ ਤੇ ਆਪਣੀਆਂ ਖੁਦ ਦੀਆਂ ਗੱਡੀਆਂ ਵਿੱਚ ਬਹੁਤ ਵਾਰ ਗਏ। ਸਾਡਾ ਪ੍ਰਮੇਸ਼ਵਰ ਕਿੰਨਾਂ ਅਦਭੁੱਤ ਹੈ! ਓਹੀ ਪ੍ਰਮੇਸ਼ਵਰ ਅੱਜ ਵੀ ਜੀਵਿਤ ਹੈ। ਉਹ ਕੱਲ, ਅੱਜ ਅਰ ਜੁੱਗੋ ਜੁੱਗ ਇੱਕ ਜਿਹਾ ਹੈ।

ਮੇਰੇ ਪਿਆਰੇ ਪਾਠਕ, ਕੀ ਤੁਸੀਂ ਪਰੇਸ਼ਾਨ ਹੋ ਕਿ ਕੋਈ ਤੁਹਾਡੀ ਕੀਮਤ ਨਹੀਂ ਜਾਣਦਾ? ਕੀ ਤੁਸੀਂ ਆਪਣੀ ਵਰਤਮਾਨ ਕਮਜ਼ੋਰ ਸਥਿਤੀ ਵੇਖ ਕੇ ਨਿਰਾਸ਼ ਹੋ ਜਾਂਦੇ ਹੋ? ਕੀ ਤੁਹਾਡੇ ਖੁਦ ਦੇ ਲੋਕ ਹੀ ਤੁਹਾਨੂੰ ਨੀਚਾ ਦਿਖਾਉਂਦੇ ਹਨ? ਪ੍ਰਮੇਸ਼ਵਰ ਆਖਦਾ ਹੈ, "ਤੇਰਾ ਦਿਲ ਨਾ ਘਬਰਾਵੇ...ਮੈਂ ਤੈਨੂੰ ਅਸਹਾਏ ਨਹੀਂ ਛਡਾਂਗਾ: ਮੈਂ ਤੇਰੇ ਕੋਲ ਆਵਾਂਗਾ"- ਯੂਹੰਨਾ 14:1,18। ਉਸਦੀ ਮਰਜ਼ੀ ਅਨੁਸਾਰ ਜੀਵਨ ਨੂੰ ਜੀਓ।ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ!

---

## ਲੋੜ ਹੈ

ਅੰਗ੍ਰੇਜ਼ੀ ਪੱਤਰ ਵਿਹਾਰ ਅਰ ਹੋਰ ਪ੍ਰਬੰਧਕੀ ਕੰਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਮੁੱਖ ਐਗਜ਼ੀਕਿਊਟਿਵ ਦੇ ਸੈਕਟਰੀ (ਯੋਗਤਾ: ਗ੍ਰੈਜੂਏਟ, ਨਿੱਜੀ ਤੌਰ ਤੇ ਅੰਗ੍ਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਪੱਤਰ ਵਿਹਾਰ ਕਰਨ ਯੋਗ)। ਵਧੀਆ ਕੰਪਿਊਟਰ ਆਪਰੇਟ ਕਰਨ ਦੀ ਕਲਾ ਜ਼ਰੂਰ ਆਉਂਦੀ ਹੋਵੇ।

ਕੰਪਿਊਟਰ ਦੀ ਵਧੀਆ ਜਾਣਕਾਰੀ ਰੱਖਣ ਵਾਲੇ, ਅੰਗ੍ਰੇਜ਼ੀ ਅਰ ਹੋਰ ਭਾਸ਼ਾਵਾਂ ਲਈ DTP ਆਪ੍ਰੇਟਰ।

ਸੰਗੀਤਕਾਰ ਜੋ ਹਰ ਤਰਾਂ ਦੇ ਟੈਕਨੀਕਲ ਕੰਮ ਦੀ ਜਾਣਕਾਰੀ ਰੱਖਦੇ ਹੋਣ।

ਸੰਪਾਦਕ

RNI NO. TNPUN/2000/1914, Postal Regn. No. TN/CH/(C)/192/18-20 WPP NO. TN/PMG(CCR)/WPP-263/18-20

# ECHO OF HIS CALL

**Monthly magazines in 16 languages, Bible Colleges, Postal Courses, Church Planting, Village English High School, Gospel Printing Press, Crusades, Seminars, Social Services, etc.**

**Annual Subscription : Rs. 100/- Life Subscription : Rs. 2000/-**

The multifarious activities of **Echo of His Call Ministry** is supported by the free-will offerings and donations of the God's Children like you. You may support **Echo of His Call** and its activities as the Lord leads you. We need your help to send forth the Gospel to the unreached people and plant Churches.

If you would like to receive **ECHO OF HIS CALL** magazines regularly, please write to us. Whenever you change your postal or e-mail addresses, please do inform us your old and new addresses.

**Echo of His Call** is available in 16 languages in our websites also. You can read it by going into the site as well as downloading it and get blessed.

Your letters, prayer requests and your financial helps (by D.D., Cheque, M.O. etc.) to **ECHO OF HIS CALL** may be sent to the address below.

Please send your **Land Phone / Mobile Phone Numbers and E.mail addresses** for updation.

**ECHO OF HIS CALL**
10, Mohammed Abdullah 2nd Street, Chepauk,
Chennai - 600 005, India
PH: (+91-44) 2852 8282, 2852 9293, 2854 7766,
Cell: (+91) 95661 31858 / 98410 71852
E-mails: sam@echoofhiscall.org / biblecor@yahoo.co.in
Websites: www.echoofhiscall.org / www.echoofhiscall.com

**YOU CAN SEND YOUR DONATIONS ON ONLINE ALSO**

## PLEASE PRAY FOR OUR MINISTRIES AT THE HEADQUARTERS

1. Prayer Service : 24 hours
2. **BIBLECOR -** Bible Correspondence Courses : English, Tamil & Hindi
3. **ECHO OF HIS CALL** - Monthly Magazines : English, Tamil, Malayalam, Telugu, Hindi, Kannada, Marathi, Gujarati, Bengali, Odiya, Nepali, Assamese, Punjabi, Urdu, Sinhala & Afrikaans.
4. Nehemiah Bible Colleges (Two Centres)
5. Theological Correspondence Courses: English & Tamil
6. Great Commission Partners (Network of Pastors)
7. Training Programmes
8. Crusades
9. Literature Distribution and Follow Up
10. Gospel Printing Press - Publications
11. St. Paul's Matriculation School - Village English High School
12. Sunday Schools : 8.30 a.m. & 4.00 p.m. Sunday
13. **Tamil Services : 5.30 a.m. , 7.00 a.m. & 10.00 a.m. Sunday**
14. **Malayalam Service : 2.00 p.m. Sunday**
15. **Telugu Service : 4.00 p.m. Sunday**
16. **Hindi Service : 5.00 p.m. Sunday**
17. **English & Tamil Service : 6.00 p.m. Sunday**
18. Pastors' Counselling : 4.00 p.m. Sunday
19. Women's Prayer : 5.30 p.m. Wednesday
20. Mid-week Bible study : 6.30 p.m. Wednesday
21. Men's Prayer : 7.00 p.m. Friday
22. Workers' Meeting : 6.00 p.m. Saturday
23. House Meetings : 6.30 p.m. Monday & Tuesday
24. Special Holy Communion : 5.30 a.m. 1st day of each month
25. Ministers Review Meeting : 5.30 p.m. First Saturday
26. Parents' Prayer : 4.00 p.m. First Sunday
27. Night Prayer : 9.30 p.m. Second Friday
28. Fasting Prayer : 9:30 a.m. Third Saturday
29. Holy Communion : Second Sunday Services
30. Morning Devotion : 5.30 a.m. daily
31. Staff Devotion : 9.00 a.m. daily
32. Office : 9.00 a.m. to 9.00 p.m. (except Sundays)

**The details of our Bank Accounts are given below. Please inform us the details of your remittances.**

| Bank | Branch | Name | IFSC Code No. | Account Number |
|---|---|---|---|---|
| 1. STATE BANK OF INDIA | Triplicane, Chennai -5 | S. Sam Selva Raj | SBIN 0000249 | 102329 34679 |
| 2. ICICI BANK | Anna Salai, Chennai -2 | Echo of His Call | ICIC 0006038 | 6038 05022319 |

RNI NO. 2000/1914
Postal Regn. No. TN/CH/(C)/192/18-20
WPP NO. TN/PMG(CCR) / WPP- 263/18-20
Date of Publication: Third week of every month
Date of Posting : 19th & 20th of every month
Posted at "Egmore RMS / 1 Patrika Channel"
on 21st DECEMBER 2020
If un-delivered please return to:
ECHO OF HIS CALL (PUNJABI)
P.O. Box No. 2957,
Chepauk, Chennai - 600 005, INDIA.
Phone: (+ 91- 44) 2852 8282, 2852 9293, 2854 7766

***JESUS LOVES YOU!***

To

*GOD BLESS YOU!*

Owned and published by **S. Sam Selva Raj** from No.10, Mohammed Abdullah Street, Chepauk, Chennai-600 005 and printed by him at **Echo of His Call Printers** No. 10, Mohammed Abdullah Street, Chepauk, Chennai-600 005. Editor: **S. Sam Selva Raj.**